# ਸਮਤਾ

ਮਈ 1986 (ਅੰਕ 72)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਈ 1986

ਮੁੱਲ--ਦੋ ਰੁਪਏ

72

ਇਸ ਅੰਕ ਵਿਚ

- **ਸੰਪਾਦਕੀ :** ਖਾਲਿਸਤਾਨ ਕਿਉਂ ਤੇ ਕਿਉਂ ਨਹੀਂ ? ਜਿਸ ਕਮਿਊਨਿਟੀ ਦੇ ਭਲੇ ਦੀ ਖਾਤਰ ਖਾਲਿਸਤਾਨ ਦੀ ਮੰਗ ਮੰਗੀ ਜਾ ਰਹੀ ਹੈ, ਇਹ ਖਾਲਿਸਤਾਨ ਉਸ ਕਮਿਊਨਿਟੀ ਲਈ ਹਰ ਪੱਖ ਤੋਂ ਹਾਨੀਕਾਰਕ ਹੋਵੇਗਾ। ਕੇਂਦਰ ਦੀ ਨੀਤੀਆਂ ਕਰਕੇ ਸਿਖ ਮਾਨਸਿਕਤਾ ਜੋ ਜ਼ਖ਼ਮੀ ਹੋਈ ਹੈ, ਉਹਦਾ ਇਲਾਜ ਇਕ ਵੱਖਰੀ ਸਟੇਟ ਨਹੀਂ ਹੈ, ਸਗੋਂ ਭਾਰਤ ਭਰ ਦੇ ਲੋਕਾਂ ਦੀ ਉਸ ਜਮਹੂਰੀ ਆਵਾਜ਼ ਵਿਚ ਹੈ, ਜੋ ਇਹ ਮੰਗ ਕਰ ਰਹੀ ਹੈ ਕਿ ਭਾਰਤ ਵਿਚ ਹਰ ਧਰਮ ਦੇ ਲੋਕਾਂ ਨੂੰ ਜ਼ਾਤਪਾਤ ਦੇ ਵਿਤਕਰੇ ਤੋਂ ਬਿਨਾਂ ਅਣਖ ਨਾਲ ਜੀਣ ਦਾ ਹੱਕ ਹੈ। ਸਿਖ ਰਾਇਆਮਾ ਨੂੰ ਇਸ ਆਵਾਜ਼ ਨਾਲ ਆਪਣੀ ਆਵਾਜ਼ ਰਲਾਉਣੀ ਚਾਹੀਦੀ ਹੈ।
- ਪ੍ਰਧਾਨ ਮੰਤਰੀ ਦੇ ਨਾਂ ਗੁਰਸ਼ਰਨ ਸਿੰਘ ਦੀ ਖੁਲ੍ਹੀ ਚਿੱਠੀ। ਪ੍ਰਧਾਨ ਮੰਤਰੀ ਭਾਰਤ ਦੀ ਵੱਡੀ ਬੁਰਜੁਆਜ਼ੀ ਦੇ ਹਿੱਤਾਂ ਵਿਚ ਕੰਮ ਕਰ ਰਿਹਾ ਹੈ। ਇਕ ਪਾਸੇ ਇਸ ਬੁਰਜੁਆਜ਼ੀ ਦੇ ਮੁਨਾਫ਼ੇ ਨੂੰ ਵਧਾਉਣ ਲਈ 21ਵੀਂ ਸਦੀ ਦੀ ਟੈਕਨੌਲੋਜੀ ਅਪਣਾਉਣ ਲਈ ਭਾਸ਼ਨ ਦੇਂਦਾ ਹੈ, ਦੂਜੇ ਪਾਸੇ ਲੋਕਾਂ ਦੀ ਏਕਤਾ ਤੋੜਣ ਲਈ ਉਹਨਾਂ ਨੂੰ ਸਦੀਆਂ ਪਹਿਲੇ ਧਾਰਮਿਕ ਸ਼ਾਵਨਵਾਦ ਦੇ ਚੱਕਰ ਵਿਚ ਪਾ ਰਿਹਾ ਹੈ।
- **ਹਰਿੰਦਰ ਸਿੰਘ ਸਾਚਾ** ਦੀ ਰੋੜਕੇਲਾ (ਉੜੀਸਾ) ਤੋਂ ਸੰਪਾਦਕ ਦੇ ਨਾਂ ਚਿੱਠੀ, ਜਿਸ ਵਿਚ ਸਿੱਖ ਕਟੱੜਵਾਦੀਆਂ ਨੂੰ ਖਰੀਆਂ ਖਰੀਆਂ ਗੱਲਾਂ ਕਹਿਕੇ ਇਸ ਸਿੱਧ ਕੀਤਾ ਹੈ ਕਿ ਉਹਨਾਂ ਦੀਆਂ ਕਾਰਵਾਈਆਂ ਭਾਰਤ ਵਿਚ ਪੰਜਾਬੋਂ ਬਾਹਰ ਰਹਿ ਰਹੇ ਸਿਖਾਂ ਲਈ ਕਿਸ ਤਰ੍ਹਾਂ ਹਾਨੀਕਾਰਕ ਸਾਬਤ ਹੋ ਰਹੀਆਂ ਹਨ।
- ਪਲਸ ਮੰਚ ਦੇ ਸਾਲਾਨਾ ਸਥਾਪਤੀ ਦਿਵਸ ਤੇ ਪਲਸ ਮੰਚ ਵਲੋਂ ਆਉਣ ਵਾਲੇ ਸਮੇਂ ਵਿਚ ਇਨਕਲਾਬੀ ਸਭਿਆਚਾਰ ਨੂੰ ਅੱਗੇ ਖੜਨ ਦੇ ਯਤਨ–ਇਕ ਰੀਪੋਰਟ। ਪਲਸ ਮੰਚ ਵਲੋਂ ਤ੍ਰੈਮਾਸਕ ਸਰਦਲ ਦਾ ਪਹਿਲ ਅੰਗ 3 ਅਗਸਤ ਲੁਧਿਆਣਾ ਰੀਲੀਜ਼ ਕੀਤਾ ਜਾਏਗਾ।
- ਸੁਰਿੰਦਰ ਧੰਜਲ ਦੀ ਪੁਸਤਕ 'ਜ਼ਖ਼ਮਾਂ ਦੀ ਫਸਲ' ਦੀ ਪੁਸਤਕ ਪਹਿਚਾਣ, ਉਸ ਪੁਸਤਕ ਵਿਚੋਂ ਚੋਣਵੀਆਂ ਕਵਿਤਾਵਾਂ ਨਾਲ।
- ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਾਂ ਦੀ ਅਜੋਕੀ ਪ੍ਰਸੰਗਤਾ–ਚਰਨ ਗਿੱਲ ਦਾ ਡੈਮੋਕਰੇਟਿਕ ਫਰੰਟ ਮਾਨਸਾ ਤੇ ਪੜ੍ਹਿਆ ਗੋਸ਼ਟੀ ਪੇਪਰ–ਹੰਸ ਰਾਜ ਰਹਿਬਰ ਦੇ ਭਗਤ ਸਿੰਘ ਬਾਰੇ ਕੱਢੇ ਕੁਝ ਨਿਚੋੜਾਂ ਬਾਰੇ ਸੰਪਾਦਕ ਸਮਤਾ ਦੀ ਟਿਪਣੀ।
- ਨੁੱਕਰ ਨਾਟਕ **ਪੰਘੂੜਾ**, ਜੋ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਇਕ ਨਾਟਕ ਵਰਕਸ਼ਾਪ ਵਿਚ ਤਿਆਰ ਕੀਤਾ ਗਿਆ।
- ਸਿਹਤ ਸੇਵਾਵਾਂ ਅਤੇ ਬੱਜਟ–ਡਾਕਟਰਾਂ ਦੀ ਐਸੋਸੀਏਸ਼ਨ ਵਲੋਂ ਲਿਖਿਆ ਇਕ ਦਸਤਾਵੇਜ਼। ਬੱਜਟ ਵਿਚ ਸਿਹਤ ਸੇਵਾਵਾਂ ਵਾਸਤੇ ਜੋ ਰਕਮ ਰੱਖੀ ਗਈ ਹੈ, ਉਹ ਬਿਲਕੁਲ ਨਾਕਾਫ਼ੀ ਹੈ। ਪੇਂਡੂ ਖੇਤਰ ਵੱਲ ਬਿਲਕੁਲ ਅਣਗਹਿਲੀ ਕੀਤੀ ਗਈ ਹੈ।
- ਮਜ਼ਦੂਰਾਂ ਨੂੰ ਹੜੱਪ ਰਹੀਆਂ ਉੱਨ ਮਿੱਲਾਂ–ਵੀਹਵੀਂ ਸਦੀ ਵਿਚ ਵੀ ਮਜ਼ਦੂਰਾਂ ਨੂੰ ਹੱਕ ਸਿਰਫ ਕਾਗਜ਼ਾਂ ਤੇ ਹੀ ਦਿਤੇ ਗਏ ਹਨ। 1886 ਵਿਚ ਅੱਠ ਘੰਟੇ ਕੰਮ ਦਾ ਹੱਕ ਜਿਤਿਆ ਗਿਆ, ਪਰ 1986 ਵਿਚ ਵੀ ਭਾਰਤ ਦੇ ਮਜ਼ਦੂਰ 12-12 ਘੰਟੇ ਕੰਮ ਕਰਦੇ ਹਨ।
- ਕੈਨੇਡਾ ਵਿਚ ਭਾਰਤੀ ਇਨਕਲਾਬ ਅਤੇ ਇਨਕਲਾਬੀ ਸ਼ਹੀਦਾਂ ਦੇ ਸਨਮਾਮ ਵਿਚ ਪਰੋਗਰਾਮ—ਕੈਨੇਡਾ ਵਿਚ ਵਸਦੇ ਜਮਹੂਰੀ ਸੋਚ ਵਾਲੇ ਲੋਕ ਭਾਰਤ ਦੀ ਜਮਹੂਰੀ ਲਹਿਰ ਦਾ ਇਕ ਜ਼ਰੂਰੀ ਅੰਗ ਬਣ ਚੁੱਕੇ ਹਨ। ਇਹ ਸਾਡੇ ਲਈ ਉਤਸ਼ਾਹ ਦੀ ਗੱਲ ਹੈ। o

# ਖਾਲਿਸਤਾਨ ਕਿਉਂ ਜਾਂ ਕਿਉਂ ਨਹੀਂ ?

ਇਹਨਾਂ ਦਿਨਾਂ ਵਿਚ ਪੰਜਾਬ 'ਚ ਵਾਪਰੀਆਂ ਘਟਨਾਵਾਂ ਨੇ ਖਾਲਿਸਤਾਨ ਨੂੰ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਪ੍ਰਦੇਸਾਂ ਵਿਚ ਇਹ ਪਹਿਲੋ ਵੀ ਚਰਚਾ ਦਾ ਵਿਸ਼ਾ ਬਣ ਚੁਕਿਆ ਸੀ, ਪਰ ਪੰਜਾਬ ਵਿਚ ਖਾਲਿਸਤਾਨ ਦੀ ਮੰਗ ਨੂੰ ਸੰਜੀਦਗੀ ਨਾਲ ਨਹੀਂ ਲਿਆ ਜਾਂਦਾ ਸੀ। ਹੁਣ ਸਿੱਖਾਂ ਦੀ ਇਕ ਧਿਰ ਵਲੋਂ ਇਹ ਇਕ ਸਿਆਸੀ ਮੰਗ ਦਾ ਰੂਪ ਧਾਰ ਚੁੱਕੀ ਹੈ, ਇਸ ਲਈ ਖਾਲਿਸਤਾਨ ਕਿਉਂ ਜਾਂ ਕਿਉਂ ਨਹੀਂ ਦੇ ਵਿਸ਼ੇ ਉਤੇ ਵਿਚਾਰ ਕਰਨੀ ਜ਼ਰੂਰੀ ਹੋ ਗਈ ਹੈ।

o ਅੱਜ ਦੇ ਯੁੱਗ ਵਿਚ ਹਰ ਇਕ ਅਮਲ ਪਿਛੇ ਕਾਰਨ ਵੇਖੇ ਜਾਂਦੇ ਹਨ। ਅੱਜ ਇਹ ਦਲੀਲ ਕੋਈ ਕਾਟ ਨਹੀਂ ਕਰਦੀ ਕਿ ਹਿੰਦੂ ਅਤੇ ਸਿੱਖਾਂ ਦਾ ਨਹੁੰ ਤੇ ਮਾਸ ਦਾ ਰਿਸ਼ਤਾ ਹੈ। ਇਹ ਐਵੇਂ ਭਾਵੁਕ ਜਿਹੀ ਗੱਲ ਹੈ। ਬਾਪ ਦੇ ਮਰਨ ਤੋਂ ਬਾਅਦ ਜਾਇਦਾਦਾਂ ਦੀ ਵੰਡ ਵੇਲੇ ਅਸਲੀ ਨਹੁੰ ਤੇ ਮਾਸ ਦੇ ਰਿਸ਼ਤੇ ਵੀ ਬਹੁਤੀ ਵਾਰ ਟੁੱਟ ਜਾਂਦੇ ਹਨ। ਪਾਕਿਸਤਾਨ ਬਣਨ ਵੇਲੇ ਸਿੱਖਾਂ ਅਤੇ ਮੁਸਲਮਾਨਾਂ ਦੇ ਵੀ ਪਿੰਡਾਂ ਵਿਚ ਬੜੇ ਵਧੀਆ ਤੁਅਲਕਾਤ ਸਨ। ਬਾਬਾ ਫਰੀਦ, ਵਾਰਿਸ, ਬਾਬਾ ਨਾਨਕ, ਭਾਈ ਮਰਦਾਨਾ ਆਦਿਕ ਦੀਆਂ ਗੱਲਾਂ ਹੁੰਦੀਆਂ ਸਨ, ਪਰ ਫੇਰ ਵੀ ਸਭ ਛੱਡ ਛੱਡਾ ਹੋ ਗਿਆ।

o ਅਸੀਂ ਇਸ ਦਲੀਲ ਦੇ ਕਾਇਲ ਵੀ ਨਹੀਂ ਕਿ ਖਾਲਿਸਤਾਨ ਵਰਗਾ ਦੇਸ਼ ਆਰਥਕਤਾ ਦੇ ਲਿਹਾਜ਼ ਨਾਲ ਕਾਇਮ ਨਹੀਂ ਰਹਿ ਸਕਦਾ। ਉਹਦੇ ਨਾਲ ਕੋਈ ਸਮੁੰਦਰ ਨਹੀਂ ਲਗਦਾ ਜਾਂ ਉਹਦੇ ਕੋਲ ਖੇਤੀ ਦੇ ਸਿਵਾ ਹੋਰ ਕੋਈ ਕੁਦਰਤੀ ਧਾਤਾਂ ਦਾ ਖਜ਼ਾਨਾ ਨਹੀਂ। ਦੁਨੀਆਂ ਵਿਚ ਬੜੇ ਕੇਸ ਐਸੇ ਹਨ, ਜਿਨ੍ਹਾਂ ਦਾ ਰਕਬਾ ਖਾਲਿਸਤਾਨ ਤੋਂ ਛੋਟਾ ਹੋਵੇਗਾ ਤੇ ਜਿਨ੍ਹਾਂ ਕੋਲ ਕੁਦਰਤੀ ਵਸੀਲੇ ਖਾਲਿਸਤਾਨ ਕੋਲੋਂ ਘੱਟ ਹੋਣਗੇ। ਇਕ ਵਰੀ ਕੋਈ ਦੇਸ਼ ਕਾਇਮ ਹੋ ਜਾਏ, ਬਾਹਰਲੇ ਦੇਸ਼ਾਂ ਨਾਲ ਵਪਾਰ ਜਾਂ ਉਹਨਾਂ ਦੀ ਸਹਾਇਤਾ ਨਾਲ ਦੇਸ਼ ਦਾ ਕਾਇਮ ਰਹਿਣਾ ਮੁਸ਼ਕਿਲ ਨਹੀਂ। ਖਾਲਿਸਤਾਨ ਇਕ ਵਾਰ ਬਣ ਜਾਏ ਤਾਂ ਅਮਰੀਕਾ ਵਰਗੇ ਦੇਸ਼ ਉਸਨੂੰ ਏਨੀ ਕੁ ਮੱਦਦ ਜ਼ਰੂਰ ਦੇਣਗੇ ਕਿ ਉਹ ਕਾਇਮ ਰਹੇ।

o ਅਸੀਂ ਇਸ ਦਲੀਲ ਦੇ ਕਾਇਲ ਵੀ ਨਹੀਂ ਕਿ ਦੇਸ਼ ਦੇ ਲੋਕਾਂ ਦੀ ਤਰੱਕੀ ਲਈ ਦੇਸ਼ ਦੀ ਏਕਤਾ ਇਕ ਜ਼ਰੂਰੀ ਸ਼ਰਤ ਹੈ। ਅਗਰ ਦੇਸ਼ ਦੇ ਟੁਕੜੇ ਹੋ ਜਾਣ ਅਤੇ ਉਥੇ ਲੋਕ ਪੱਖੀ ਸਰਕਾਰਾਂ ਬਣ ਜਾਣ ਤੇ ਉਹ ਅਮਲ ਇਕ ਵੱਡੇ ਦੇਸ਼ ਨੂੰ ਕਾਇਮ ਰੱਖਣ ਵਾਲੇ ਅਮਲ ਨਾਲੋਂ ਬੇਹਤਰ ਹੋਵੇਗਾ। ਦੇਸ਼ ਭਗਤੀ ਜਾਂ ਦੇਸ਼ ਗ਼ਦਾਰੀ ਦਾ ਸਵਾਲ ਦੇਸ਼ ਦੀ ਏਕਤਾ ਨਾਲ ਨਹੀਂ ਜੁੜਿਆ ਹੋਇਆ।

o ਸੋ ਭਾਵੁਕਤਾ ਦੀ ਗੱਲ ਛੱਡ ਕੇ ਅਸੀਂ ਠੋਸ ਹਕੀਕਤਾਂ ਵੱਲ ਆਈਏ। ਹੇਠ ਦਿੱਤੀਆਂ ਗੱਲਾਂ ਦੇ ਅਨੁਸਾਰ ਸਾਡੀ ਦਲੀਲ ਹੈ ਕਿ ਜਿਸ ਧਾਰਮਿਕ ਫਿਰਕੇ ਦੇ ਹਿੱਤ ਵਿਚ ਖਾਲਿਸਤਾਨ ਮੰਗਿਆ ਜਾ ਰਿਹਾ ਹੈ, ਇਹ ਅਮਲ ਦੇ ਪੱਖ ਤੋਂ ਉਸ ਫਿਰਕੇ ਦੇ ਹਿੱਤਾਂ ਦੇ ਵਿਰੁਧ ਹੈ ਅਤੇ ਯਥਾਰਥਕ ਤੌਰ ਤੇ ਇਕ ਫਜ਼ੂਲ ਸੰਘਰਸ਼ ਸਾਬਤ ਹੋਵੇਗਾ, ਜੋ ਭਾਰੀ ਨੁਕਸਾਨ ਤੋਂ ਬਾਅਦ ਵੀ ਕੋਈ ਨਤੀਜਾ ਨਹੀਂ ਕਢੇਗਾ।

o ਬਦੇਸ਼ਾਂ ਵਿਚ ਰਹਿ ਰਹੇ ਕੁਝ ਰਸੂਖ ਵਾਲੇ ਸਿੱਖ ਖਾਲਿਸਤਾਨ ਦੇ ਹਾਮੀ ਹਨ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਇਕ ਭਾਰਤੀ ਹੋਣ ਨਾਲੋਂ ਇਕ ਖਾਲਿਸਤਾਨੀ ਹੋਣਾ ਉਹਨਾਂ ਲਈ ਲਾਹੇਵੰਦ ਹੋਵੇਗਾ ਅਤੇ ਉਹਨਾਂ ਦੀ ਪਹਿਚਾਣ ਅੰਤੇ ਸਾਖ ਵਧੇਗੀ, ਪਰ ਉਹਨਾਂ ਨੂੰ ਜੇਕਰ ਪੁਛਿਆ ਜਾਏ ਕਿ ਖਾਲਿਸਤਾਨ ਬਣਨ ਤੋਂ ਬਾਅਦ ਉਹ ਉਥੇ ਆਉਣਾ ਪਸੰਦ ਕਰਨਗੇ ਤਾਂ ਉਹਨਾਂ ਦਾ ਜਵਾਬ ਸਾਫ ਨਾਂਹ ਵਿਚ ਹੋਵੇਗਾ। ਇਹਨਾਂ ਕੁਝ ਕੁ ਲੋਕਾਂ ਦੀ ਬਦੇਸ਼ਾਂ ਵਿਚ ਸਾਖ ਤਾਂ ਵਧ ਜਾਏਗੀ ਪਰ ਇਸਦੇ ਬਦਲੇ 30-35 ਲੱਖ ਸਿੱਖ ਜੋ ਪੰਜਾਬ ਤੋਂ ਬਾਹਰ ਭਾਰਤ ਵਿਚ ਰਹਿ ਰਹੇ ਹਨ, ਉਹਨਾਂ ਦਾ ਜੋ ਵੱਡੇ ਪੈਮਾਨੇ ਤੇ ਨੁਕਸਾਨ ਹੋਵੇਗਾ, ਉਹ ਨਹੀਂ ਭੁੱਲਣਾ ਚਾਹੀਦਾ। ਇਸ ਤੋਂ ਇਲਾਵਾ ਪੰਜਾਬ ਵਿਚ ਜੋ ਆਰਥਕ ਪ੍ਰਬੰਧ ਚਲ ਰਿਹਾ ਹੈ, ਉਹ ਖ਼ਾਹਮਖਾਹ ਟੁੱਟ ਭੱਜ ਜਾਵੇਗਾ ਤੇ ਸਾਲਾਂ-ਬੱਧੀ ਉਹਨੂੰ ਕਾਇਮ ਕਰਨ ਵਿਚ ਮੁੜ ਮੇਹਨਤ ਕਰਨੀ ਪਵੇਗੀ। ਪੰਜਾਬ ਵਿਚ ਖੇਤੀ ਸਿੱਖਾਂ ਕੋਲ ਹੈ। ਵਪਾਰ ਸ਼ਹਿਰਾਂ ਵਿਚ ਬਹੁਤਾ ਹਿੰਦੂਆਂ ਕੋਲ ਹੈ। ਇਹ ਦੋਨੋਂ ਇਕ ਆਰਥਕ ਇਕਾਈ ਬਣਾਂਦੇ ਹਨ। ਵਪਾਰ ਦਾ ਖਾਸਾ ਭਾਵੇਂ ਹਮੇਸ਼ਾ ਮੁਨਾਫਾ ਹੁੰਦਾ ਹੈ, ਪਰ ਵਪਾਰ ਹਮੇਸ਼ਾ ਲੋਟੂ ਕਹਿ ਕੇ ਨਹੀਂ ਨਿੰਦਿਆ ਜਾ ਸਕਦਾ। ਜਿਨ੍ਹਾਂ ਨੂੰ ਬਾਣੀਏ ਕਿਹਾ ਜਾਂਦਾ ਹੈ, ਉਹਨਾਂ ਦੀ ਜੱਟਾਂ ਨੂੰ ਲੋੜ ਹੈ ਤੇ ਇਸੇ ਤਰਾਂ ਜਿਨ੍ਹਾਂ ਨੂੰ ਜੱਟ ਗਵਾਰ ਆਖਿਆ ਜਾਂਦਾ ਹੈ, ਉਹਦੀ ਬਾਣੀਏ ਨੂੰ ਲੋੜ ਹੈ। ਸੋ ਇਹ ਸਪਸ਼ਟ ਹੈ ਕਿ ਬਿਦੇਸ਼ਾਂ ਵਿਚ ਰਹਿ ਰਹੇ ਕੁਝ ਸਿੰਘਾਂ ਤੋਂ ਸਿਵਾ ਖਾਲਿਸਤਾਨ ਸਿਖਾਂ ਦੀ ਭਾਰੀ ਗਿਣਤੀ ਲਈ ਆਰਥਕਤਾ ਦੇ ਪੱਖ ਤੋਂ ਬਿਲਕੁਲ ਨੁਕਸਾਨਦੇਹ ਹੈ।

੦ ਇਹ ਸਪੱਸ਼ਟ ਹੈ ਕਿ ਧਰਮ ਆਧਾਰਿਤ ਖਾਲਿਸਤਾਨ ਸਟੇਟ ਵਿਚ ਰਾਜ ਸੱਤਾ ਵੱਡੇ ਜਗੀਰਦਾਰਾਂ ਜਾਂ ਵੱਡੀ ਬੁਰਜੁਆਜ਼ੀ ਕੋਲ ਹੋਵੇਗੀ। ਸਾਧਾਰਨ ਸਿਖਾਂ ਦੀ ਉਹੀ ਹਾਲਤ ਹੋਵੇਗੀ, ਜੋ ਸਾਧਾਰਨ ਮੁਸਲਮਾਨਾਂ ਦੀ ਪਾਕਿ-ਸਤਾਨ ਵਿਚ ਹੋ ਰਹੀ ਹੈ। ਕੋਈ ਵੀ ਜਮਹੂਰੀ ਤਹਿਰੀਕ ਜੇਕਰ ਸਿਰ ਚੁੱਕੇਗੀ, ਉਹਨੂੰ ਧਰਮ ਦੇ ਨਾਂ ਤੇ ਉਸੇ ਤਰਾਂ ਦਬਾ ਦਿਤਾ ਜਾਵੇਗਾ, ਜਿਸ ਤਰਾਂ ਇਸਲਾਮ ਦੇ ਨਾਂ ਤੇ ਪਾਕਿਸਤਾਨ ਵਿਚ ਦਬਾ ਦਿਤਾ ਗਿਆ ਹੈ। ਪਾਕਿਸਤਾਨੀ ਫੌਜੀ ਰਾਜ ਦੇ ਮੁਕਾਬਲੇ ਖਾਲਿਸਤਾਨੀ ਫੌਜੀ ਰਾਜ ਬਨਾਉਣਾ ਹੋਰ ਵੀ ਆਸਾਨ ਹੋਵੇਗਾ ਕਿਉਂਕਿ ਖਾਲਸਾ ਪੰਥ ਦੇ ਫੌਜੀ ਅਨੁਸ਼ਾਸਨ ਦਾ ਬਹਾਨਾ ਘੜਿਆ ਘੜਾਇਆ ਮਿਲੇਗਾ। ਇਸ ਦਲੀਲ ਦੇ ਆਧਾਰ ਤੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਖਾਲਿਸਤਾਨ ਦਾ ਬਣਨਾ ਸਾਧਾਰਨ ਸਿਖਾਂ ਲਈ ਸਿਆਸੀ ਤੌਰ ਤੇ ਹਾਨੀਕਾਰਕ ਹੈ। ਖਾਲਿਸਤਾਨ ਸਟੇਟ ਦਾ ਸਾਰਾ ਖਾਸਾ ਇਕ ਪਿਛਾਂਹ-ਖਿੱਚੂ ਸਟੇਟ ਦਾ ਖਾਸਾ ਹੋਵੇਗਾ।

੦ ਖਾਲਿਸਤਾਨ ਦੀ ਮੰਗ ਬੰਗਲਾ ਦੇਸ਼ ਵਾਕੁਨ ਵੀ ਨਹੀਂ, ਜਿਥੇ 95% ਤੋਂ ਵੱਧ ਲੋਕ ਪਾਕਿਸਤਾਨ ਤੋਂ ਵੱਖ ਹੋਣਾ ਚਾਹੁੰਦੇ ਸਨ। ਮੰਗੇ ਜਾ ਰਹੇ ਖਾਲਿਸਤਾਨ ਦੇ ਇਲਾਕੇ ਵਿਚ 50% ਆਬਾਦੀ ਗੈਰ ਸਿਖਾਂ ਦੀ ਹੈ। ਸਿਖਾਂ ਦਾ ਇਤਿਹਾਸ ਜੇ 500 ਸਾਲ ਪੁਰਾਣਾ ਹੈ ਤਾਂ ਦੂਜਿਆਂ ਦਾ ਹਜ਼ਾਰਾਂ ਸਾਲ ਪੁਰਾਣਾ ਹੈ। ਇਸ ਲਈ ਖਾਲਿਸਤਾਨ ਦੀ ਮੰਗ ਸਮੁੱਚੀ ਆਬਾਦੀ ਦੇ ਪ੍ਰਸੰਗ ਵਿਚ ਗੈਰ ਜਮਹੂਰੀ ਹੈ।

੦ ਅੱਜ ਦੇ ਯੁਗ ਵਿਚ ਕਿਸੇ ਦੇਸ਼ ਦੀਆਂ ਹੱਦਾਂ ਬਗੈਰ ਕਿਸੇ ਵੱਡੀ ਜੰਗ ਤੋਂ ਨਹੀਂ ਬਦਲੀਆਂ ਜਾ ਸਕਦੀਆਂ। ਭਾਰਤ ਕੋਲ ਦੁਨੀਆਂ ਦੀ ਤੀਜੇ ਨੰਬਰ ਦੀ ਫੌਜ ਹੈ। ਉਹ ਬਗੈਰ ਜੰਗ ਤੋਂ ਆਪਣੀ ਕੋਈ ਵੀ ਹੱਦ ਨਹੀਂ ਬਦਲਣ ਦੇਵੇਗਾ। ਅੱਜ ਦੇ ਸਮੇਂ ਵਿਚ ਜੇ ਜੰਗ ਹੋ ਜਾਏ ਤਾਂ ਇਹਦੀ ਭਿਆਨਤਤਾ ਕਿਸੇ ਕੋਲੋਂ ਲੁਕੀ ਨਹੀਂ ਹੋਈ। ਸੋ ਜਿਸ ਖਾਲਿਸਤਾਨ ਬਣਨ ਨਾਲ ਕਿਸੇ ਆਰਥਕ ਜਾਂ ਸਿਆਸੀ ਹਿੱਤ ਦੀ ਸੇਵਾ ਨਹੀਂ ਹੁੰਦੀ, ਉਹਦੇ ਲਈ ਧਰਤੀ ਦੇ ਕਿਸੇ ਟੋਟੇ ਨੂੰ ਤਬਾਹੀ ਦੇ ਹਵਾਲੇ ਕਰਨਾ ਸਿਆਣਪਤਾ ਨਹੀਂ।

੦ ਪਾਕਿਸਤਾਨ ਬਣ ਸਕਦੈ, ਖਾਲਿਸਤਾਨ ਕਿਉਂ ਨਹੀਂ ? ਇਹਦਾ ਜਵਾਬ ਹੈ ਕਿ ਗੁਣਾਤਮਕ ਤੌਰ ਤੇ ਦੋਹਾਂ ਦੇ ਹਾਲਾਤ ਵੱਖ ਹਨ। ਪਾਕਿਸਤਾਨ ਬਣਨ ਵੇਲੇ ਭਾਰਤ ਉਤੇ ਅੰਗਰੇਜ਼ਾਂ ਦੀ ਹਕੂਮਤ ਸੀ, ਜਿਨ੍ਹਾਂ ਦੇ ਸਾਮਰਾਜੀ ਹਿੱਤ ਇਹ ਮੰਗ ਕਰਦੇ ਸਨ ਕਿ ਭਾਰਤ ਦੀ ਤਕਸੀਮ ਹੋਵੇ ਤਾਂ ਜੋ ਉਹਨਾਂ ਦੀ ਲੁੱਟ ਖਸੁੱਟ ਜਾਰੀ ਰਹਿ ਸਕੇ। ਇਸਦੇ ਉਲਟ ਹੁਣ ਜੋ ਭਾਰਤ ਦੀ ਬੁਰਜੁਆਜ਼ੀ ਸਰਕਾਰ ਹੈ, ਉਹਦਾ ਜਮਾਤੀ ਹਿੱਤ ਇਹ ਹੈ ਕਿ ਦੇਸ਼ ਵੱਡਾ ਰਹੇ ਤੇ ਉਹਦੀ ਘਰੇਲੂ ਮੰਡੀ ਸੁੱਕੜੇ ਨਾ। ਕਿਸੇ ਮੰਗ ਦੇ ਸੰਦਰਭ ਵਿਚ ਇਹ ਵੀ ਵੇਖਣਾ ਜ਼ਰੂਰੀ ਹੁੰਦਾ ਹੈ ਕਿ ਇਹ ਮੰਗ ਮਨਵਾਉਣੀ ਕਿਸ ਕੋਲੋਂ ਹੈ। ਪਾਕਿਸਤਾਨ ਦੀ ਮੰਗ ਅੰਗਰੇਜ਼ਾਂ ਕੋਲੋਂ ਮਨਵਾਉਣੀ ਇਕ ਆਸਾਨ ਅਮਲ ਸੀ। (ਉਸ ਵੇਲੇ ਖਾਲਿਸਤਾਨ ਵੀ ਬਣ ਸਕਦਾ ਸੀ) ਜਦ ਕਿ ਭਾਰਤ ਦੀ ਸਰਕਾਰ ਕੋਲੋਂ ਇਹ ਮੰਗ ਮਨਵਾਉਣੀ ਇਕ ਅਸੰਭਵ ਅਮਲ ਹੈ। ਇਤਹਾਸ ਦਾ ਪਹੀਆ ਪਿਛੇ ਨਹੀਂ ਮੋੜਿਆ ਜਾ ਸਕਦਾ।

੦ ਫਿਰ ਹੋਵੇ ਕੀ ? ਕੇਂਦਰ ਦੀਆਂ ਗ਼ਲਤ ਨੀਤੀਆਂ ਓਪਰੇਸ਼ਨ ਬਲਿਊ ਸਟਾਰ ਅਤੇ ਨਵੰਬਰ ਕਤਲੇਆਮ ਕਰਕੇ ਸਿੱਖ ਮਾਨਸਕਤਾ ਜੋ ਜ਼ਖਮੀ ਹੋਈ ਹੈ, ਉਹਦੇ ਹੁੰਦਿਆਂ ਕੀ ਸਿਖ ਭਾਰਤ ਵਿਚ ਬਾਇਜ਼ਤ ਤਰੀਕੇ ਨਾਲ ਰਹਿ ਸਕਦੇ ਹਨ ? ਜਵਾਬ ਹੈ–ਹਾਂ। ਪਹਿਲੀ ਗੱਲ ਆਪਾ ਪੜਚੋਲ ਕਰਕੇ ਇਹ ਵੇਖਿਆ ਜਾਏ ਕਿ ਅਪਣੇ ਉਤੇ ਮੁਸੀਬਤ ਲਿਆਉਣ ਦੀ ਅਪਣੀ ਕਿੰਨੀ ਕੁ ਜ਼ਿੰਮੇਵਾਰੀ ਹੈ। ਇਹ ਜ਼ਿੰਮੇਵਾਰੀ ਕਾਫੀ ਹੈ। ਇਹ ਆਪਾ ਪੜਚੋਲ ਕੁਝ ਹੱਦ ਤਕ ਜ਼ਖਮਾਂ ਤੇ ਮਰਹਮ ਲਗਾਂਦਾ ਹੈ। (ਜੇ ਜਾਣ ਬੁੱਝ ਕੇ ਜ਼ਿਦੀ ਨਾ ਬਣੀਏ)। ਦੂਜੀ ਗੱਲ ਸਮੁੱਚੇ ਭਾਰਤ ਵਿਚ ਜਮਹੂਰੀ ਆਵਾਜ਼ ਉਠ ਰਹੀ ਹੈ ਕਿ ਭਾਰਤ ਵਿਚ ਹਰ ਇਕ ਕਮਿਊਨਿਟੀ ਦੇ ਲੋਕ ਅਣਖ ਨਾਲ ਜੀਣ। ਕਿਸੇ ਨੂੰ ਉਹਦੇ ਧਾਰਮਕ ਅਕੀਦੇ ਦੇ ਕਾਰਣ ਜਾਂ ਜ਼ਾਤਪਾਤ ਦੇ ਆਧਾਰ ਤੇ ਦੂਜੇ ਦਰਜੇ ਦਾ ਸ਼ਹਿਰੀ ਨਾ ਸਮਝਿਆ ਜਾਏ। ਇਸ ਆਵਾਜ਼ ਨਾਲ ਸਿੱਖ ਰਾਇਆਮਾ ਦੀ ਆਵਾਜ਼ ਰਲਣੀ ਚਾਹੀਦੀ ਹੈ। ਖਾਲਿਸਤਾਨ ਦੀ ਮੰਗ ਇਸ ਆਵਾਜ਼ ਨੂੰ ਕਮਜ਼ੋਰ ਕਰਦੀ ਹੈ। ਕੇਂਦਰ ਦੇ ਹਿੰਦੂ ਸ਼ਾਵਨਵਾਦ ਦੀ ਵਰਤਣ ਦੀ ਸ਼ਕਤੀ ਵਧਾਂਦੀ ਹੈ। ਇਸ ਲਈ ਇਸ ਮੰਗ ਦੀ ਵਿਰੋਧਤਾ ਜ਼ਰੂਰੀ ਹੈ।

੦ ਉਤਲੀਆਂ ਮੱਦਾਂ ਨੂੰ ਵਾਚਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਖਾਲਿਸਤਾਨ ਦੀ ਮੰਗ ਸਿਆਸੀ ਅਤੇ ਆਰਥਕ ਤੌਰ ਤੇ ਸਾਧਾਰਨ ਸਿੱਖਾਂ ਦੇ ਹਿੱਤ ਵਿਚ ਨਹੀਂ। ਇਹ ਮੰਗ ਗ਼ੈਰ ਜਮਹੂਰੀ ਹੈ। ਪ੍ਰਦੇਸਾਂ ਵਿਚ ਰਹਿ ਰਹੇ ਸਿਖਾਂ ਦੇ ਕੁਝ ਕੁ ਹਿੱਸੇ ਦੇ ਅਹਮ ਦੀ ਪੂਰਤੀ ਲਈ ਸਮੁੱਚੀ ਕਮਿਊਨਿਟੀ ਦੇ ਹਿੱਤਾਂ ਨੂੰ ਵਾਰਿਆ ਨਹੀਂ ਜਾ ਸਕਦਾ। ਇਸ ਮੰਗ ਦੀ ਸਰਗਰਮ ਮੁਖਾਲਫ਼ਤ ਕਰਕੇ ਭਾਰਤ ਦੀ ਜਮਹੂਰੀ ਲਹਿਰ ਨੂੰ ਮਜ਼ਬੂਤ ਬਨਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ

**ਗੁਰਸ਼ਰਨ ਸਿੰਘ**

# ਇਕ ਖੁੱਲ੍ਹੀ ਚਿੱਠੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ

ਸ੍ਰੀਮਾਨ ਜੀ,

ਇਹ ਚਿੱਠੀ ਮੈਂ ਇਕ ਸ਼ਹਿਰੀ ਦੇ ਰੂਪ ਵਿਚ ਤੁਹਾਨੂੰ ਲਿਖ ਰਿਹਾ ਹਾਂ। ਇਸ ਰਾਹੀਂ ਮੈਂ ਤੁਹਾਡਾ ਧਿਆਨ ਤੁਹਾਡੀਆਂ ਦੋਗਲੀਆਂ ਨੀਤੀਆਂ ਵੱਲ ਦਿਵਾ ਰਿਹਾ ਹਾਂ। ਤੁਸੀਂ ਗੱਲਾਂ ਤਾਂ 21ਵੀਂ ਸਦੀ ਵਿਚ ਦਾਖਲ ਹੋਣ ਦੀਆਂ ਕਰਦੇ ਹੋ, ਪਰ ਤੁਹਾਡੇ ਸਾਰੇ ਅਮਲ ਪੁਰਾਤਨ ਕਦਰਾਂ ਕੀਮਤਾਂ ਨਾਲ ਸਮਝੌਤੇ ਦੇ ਹਨ, ਜਿਨ੍ਹਾਂ ਦਾ ਆਧੁਨਿਕ ਸਮੇਂ ਨਾਲ ਕੋਈ ਸਰੋਕਾਰ ਨਹੀਂ। ਕੁੰਭ ਦੇ ਮੇਲੇ ਜਦੋਂ ਤੁਸੀਂ ਜਾਂ ਤੁਹਾਡੇ ਮੰਤਰੀ ਗੰਗਾ ਵਿਚ ਟੁੱਭੀ ਲਗਾਉਣ ਜਾਂਦੇ ਹਨ ਤਾਂ ਇਹ ਸਪੱਸ਼ਟ ਹੈ ਕਿ ਤੁਸੀਂ ਇਕ ਹਿੰਦੂ ਦੇ ਤੌਰ ਤੇ ਆਪਣੀ ਪਹਿਚਾਣ ਲੋਕਾਂ ਵਿਚ ਸਥਾਪਤ ਕਰਨਾ ਚਾਹੁੰਦੇ ਹੋ ਤਾਂ ਜੋ ਉਹਨਾਂ ਦੀ ਵੱਡੀ ਗਿਣਤੀ ਦੀ ਵੋਟ ਤੁਹਾਨੂੰ ਮਿਲ ਸਕੇ। ਇਸੇ ਤਰ੍ਹਾਂ ਤੁਸੀਂ ਜਦੋਂ ਮੁਸਲਮਾਨ ਔਰਤਾਂ ਲਈ ਪਾਰਲੀਮੈਂਟ ਵਿਚ ਬਿਲ ਪੇਸ਼ ਕਰਦੇ ਹੋ ਤਾਂ ਤੁਹਾਡਾ ਇਕੋ ਮਕਸਦ ਹੈ ਕਿ ਮੌਲਾਣਿਆਂ ਨੂੰ ਖੁਸ਼ ਰਖੋ ਤੇ ਇਹ ਸਥਾਪਤ ਕਰੋ ਛੇਵੀਂ ਸਦੀ ਵਿਚ ਬਣਾਏ ਜਾਣ ਵਾਲੇ ਸ਼ਰੀਅਤ ਦੇ ਕਾਨੂੰਨਾਂ ਨੂੰ ਤੁਸੀਂ ਸਹੀ ਸਮਝਦੇ ਹੋ, ਇਸ ਨਾਲ ਭਾਵੇਂ ਭਾਰਤ ਵਿਚ ਵੱਸਦੇ 14 ਕ੍ਰੋੜ ਮੁਸਲਮਾਨਾਂ ਦੀ ਅੱਧੀ ਆਬਾਦੀ ਭਾਵ ਮੁਸਲਮਾਨ ਔਰਤਾਂ ਭਾਰਤੀ ਵਿਧਾਨ ਵਿਚ ਮਨੁੱਖੀ ਹੱਕਾਂ ਤੋਂ ਵਾਂਝੀਆਂ ਹੋ ਜਾਣ। ਭਾਰਤੀ ਕਾਨੂੰਨ ਦੀ 125 ਧਾਰਾ ਦੇ ਅਨੁਸਾਰ ਹਰ ਇਕ ਔਰਤ, ਜਿਸਨੂੰ ਤਲਾਕ ਦਿੱਤਾ ਜਾਂਦਾ ਹੈ, ਗੁਜ਼ਾਰਾ ਇਲਾਊਂਸ ਦੀ ਹੱਕਦਾਰ ਹੈ, ਇਸ ਬੁਨਿਆਦੀ ਹੱਕ ਦੇ ਹੁੰਦਿਆਂ ਤੁਸੀਂ ਕੌਣ ਹੁੰਦੇ ਹੋ ਕਿ ਇਸ ਧਾਰਾ ਵਿਚ ਇਹ ਤਰਮੀਮ ਕਰਨ ਵਾਲੇ ਕਿ ਤਲਾਕਸ਼ੁਦਾ ਮੁਸਲਮਾਨ ਔਰਤਾਂ ਨੂੰ ਇਹ ਹੱਕ ਨਹੀਂ ਤੇ ਉਹਦੇ ਗੁਜ਼ਾਰੇ ਦੀ ਜ਼ਿੰਮੇਵਾਰੀ ਔਰਤ ਦੇ ਮਾਪਿਆਂ ਜਾਂ ਫੇਰ ਵਕਫ ਬੋਰਡ ਉਤੇ ਹੋਵੇ। ਵਕਫ ਬੋਰਡ ਲੋਕਾਂ ਦੇ ਦਾਨ ਤੇ ਚਲਣ ਵਾਲੀ ਸੰਸਥਾ ਹੈ, ਜਿਸ ਤਰ੍ਹਾਂ ਕਿਸੇ ਧਾਰਮਕ ਸੰਸਥਾ ਵਲੋਂ ਚਲਾਇਆ ਗਿਆ ਕੋਈ ਯਤੀਮ-ਖਾਨਾ ਜਾਂ ਅਨਾਥ ਔਰਤਾਂ ਦਾ ਆਸ਼ਰਮ ਹੋਵੇ। ਇਕ ਬੁਨਿਆਦੀ ਹੱਕ ਨੂੰ ਤਰਸ ਤੇ ਦਾਨ ਦੇ ਰੂਪ ਵਿਚ ਬਦਲਾ ਦੇਣਾ ਇਹ ਕਿਥੋਂ ਦੀ ਅਕਲਮੰਦੀ ਜਾਂ ਇਨਸਾਫ ਹੈ। ਤੁਹਾਡਾ ਇਕ ਮੁਸਲਮਾਨ ਮੰਤਰੀ ਕੋਈ ਅਨਸਾਰੀ ਸਾਹਿਬ ਪਾਰਲੀਮੈਂਟ ਵਿਚ ਭਾਰਤੀ ਕਾਨੂੰਨ ਦੀ ਸਾਰੀਆਂ ਤੋਂ ਵੱਡੀ ਕਚੈਹਰੀ ਦਾ ਮਜ਼ਾਕ ਉਡਾ ਦੇਂਦਾ ਹੈ, ਪਰ ਫੇਰ ਵੀ ਉਹ ਤੁਹਾਡਾ ਵਜ਼ੀਰ ਰਹਿੰਦਾ ਹੈ। ਉਤੋਂ ਤੁਸੀਂ ਆਧੁਨਿਕਤਾ ਦੀਆਂ ਗੱਲਾਂ ਕਰਦੇ ਹੋ ਪਰ ਭੁਲ ਜਾਂਦੇ ਹੋ ਕਿ ਇਸ ਆਧੁਨਿਕਤਾ ਨਾਲ ਮਨੁੱਖੀ ਹੱਕਾਂ ਦੀ ਇਕ ਲੰਬੀ ਦਾਸ-ਤਾਨ ਜੁੜੀ ਹੋਈ ਹੈ। ਤੁਸੀਂ ਆਧੁਨਿਕਤਾ ਅਪਣਾਂਦੇ ਹੋ, ਭਾਸ਼ਨ ਵੀ ਬੜੇ ਕਰਦੇ ਹੋ, ਲੋਕਾਂ ਨੂੰ ਆਧੁਨਿਕਤਾ ਦੀ ਸੋਚ ਅਪਣਾਉਣ ਵਾਸਤੇ ਕਹਿੰਦੇ ਹੋ, ਪਰ ਅਸਲ ਵਿਚ ਇਹ ਨਹੀਂ ਚਾਹੁੰਦੇ ਕਿ ਭਾਰਤ ਦੇ ਲੋਕ ਮਨੁੱਖ ਬਣਨ। ਤੁਸੀਂ ਚਾਹੁੰਦੇ ਹੋ ਕਿ ਉਹ ਹਿੰਦੂ, ਮੁਸਲਮਾਨ ਸਿਖ, ਇਸਾਈ ਹੀ ਬਣੇ ਰਹਿਣ ਤੇ ਸਮਾਂ ਵਿਹਾ ਚੁਕੇ ਫਲਸਫਿਆਂ ਦੇ ਗੱਧੀਗੇੜ ਵਿਚ ਪਏ ਰਹਿਣ। ਇਸਦਾ ਸਬੂਤ ਹੈ ਕਿ ਤੁਹਾਡੇ ਟੈਲੀਵੀਯਨ ਦੇ ਕੈਮਰਾ ਵਾਲੇ ਹਰ ਇਕ ਧਾਰਮਕ ਉਤਸਵ ਤੇ ਕੈਮਰੇ ਚੁੱਕ ਕੇ ਪੁੱਜੇ ਹੁੰਦੇ ਹਨ। ਇਹ ਭਾਵੇਂ ਕੁੰਭ ਦੇ ਮੇਲੇ ਤੇ ਢਿੱਡਲ ਨਾਂਗਿਆਂ ਦਾ ਜਲੂਸ ਹੋਵੇ, ਕਿਸੇ ਉਰਸ ਉਤੇ ਪਾਗਲਾਂ ਵਾਂਗ ਸਿਰ ਮਾਰਦੇ 'ਅੱਲ੍ਹਾ, ਅੱਲ੍ਹਾ ਕਰਦੇ ਹੋਏ ਮੁਸਲਮਾਨ ਸ਼ਰਧਾਲੂ ਹੋਣ ਜਾਂ ਸੁੱਖਾ ਪੀ ਕੇ ਮਸਤੇ ਹੋਏ ਨਿਹੰਗ ਹੋਣ। ਇਹਨਾਂ ਬੇਢੰਗੀਆਂ ਹਰਕਤਾਂ ਨੂੰ ਭਾਰਤ ਦੀ ਮਹਾਨ ਸੰਸਕ੍ਰਿਤੀ ਦਾ ਚਿੰਨ੍ਹ ਆਖ ਕੇ ਉਭਾਰਿਆ ਜਾਂਦਾ ਹੈ। ਤੁਸੀਂ ਹਰ ਇਕ ਕਮਿਊਨਿਟੀ ਦੇ ਧਾਰਮਕ ਸ਼ਾਵਨਵਾਦ ਨੂੰ ਅਪਣੀ ਅਪਣੀ ਥਾਂ ਤੇ ਸ਼ਹਿ ਦੇ ਰਹੇ ਹੋ ਤੇ ਉਹਨਾਂ ਇਕੱਠੇ ਰਹਿੰਦੇ ਲੋਕਾਂ ਦੇ ਸਮਾਜਕ ਭਾਈਚਾਰੇ ਵਿਚ ਤ੍ਰੇੜਾਂ ਪਾਉਣ ਦੇ ਜ਼ਿੰਮੇਵਾਰ ਹੋ।

ਮੈਂ ਤੁਹਾਨੂੰ ਇਹ ਖੁਲ੍ਹੀ ਚਿੱਠੀ ਲਿਖ ਰਿਹਾ ਹਾਂ। ਮੈਨੂੰ ਪਤਾ ਹੈ ਕਿ ਇਸ ਚਿੱਠੀ ਵਿਚ ਦਿਤੀ ਕਿਸੀ ਵੀ ਚਿਤਾਵਣੀ ਦਾ ਤੁਹਾਡੇ ਉਤੇ ਕੋਈ ਅਸਰ ਨਹੀਂ ਹੋਵੇਗਾ, ਕਿਉਂਕਿ ਤੁਸੀਂ ਜੋ ਵੀ ਨੀਤੀਆਂ ਅਪਣਾ ਰਹੇ ਹੋ, ਇਹ ਭਾਰਤ ਦੀ ਬੁਰਜੂਆਜ਼ੀ ਦੇ ਹਿੱਤ ਵਿਚ ਹਨ ਤੇ ਤੁਸੀਂ ਉਸ ਬੁਰਜੁਆਜ਼ੀ ਦੇ ਵਫਾਦਾਰ ਨੁਮਾਂਇੰਦੇ ਹੋ। ਭਾਰਤ ਦੀ ਬੁਰਜੁਆਜ਼ੀ ਦੇ ਹਿੱਤ ਵਿਚ ਹੈ ਕਿ ਸਨਅਤੀ ਤੇ ਖੇਤੀ ਦੀ ਉੱਪਜ ਵਿਚ ਅਧੁਨਿਕ ਸਾਧਨ ਅਪਣਾਏ ਜਾਣ। ਇਹਦੇ ਨਾਲ ਬੁਰਜੁਆਜ਼ੀ ਦੇ ਮੁਨਾਫੇ ਵਿਚ ਵਾਧਾ ਹੁੰਦਾ ਹੈ ਅਤੇ ਲੋਕਾਂ ਦੀ ਲੁੱਟ ਹੋਰ ਸ਼ਦੀਦ ਹੁੰਦੀ ਹੈ, ਦੂਜੇ ਪਾਸੇ ਧਾਰਮਕ ਸ਼ਾਵਨਵਾਦ ਵਿਚ ਵਾਧਾ ਲੋਕਾਂ ਦੀ ਏਕਤਾ ਵਿਚ ਦੁਫੇੜ ਪਾਂਦਾ ਹੈ ਤੇ ਉਸ ਲੁੱਟ ਖਸੁੱਟ ਦੇ ਵਿਰੋਧ ਉਹਨਾਂ ਦੇ ਸੰਘਰਸ਼ ਨੂੰ ਕਮਜ਼ੋਰ ਬਣਾਂਦਾ ਹੈ। ਤੁਸੀਂ ਇਹ ਦੋਨੋਂ ਨੀਤੀਆਂ ਬੜੀ ਸੋਚੀ ਸਮਝੀ ਪਲੈਨ ਅਨੁਸਾਰ ਅਪਣਾ ਰਹੇ ਹੋ ਤੇ ਲੋੜ ਅਨੁਸਾਰ ਕੰਪਿਊਟਰ ਦਿਮਾਗ ਦੀ ਵੀ ਮੱਦਦ ਲੈਂਦੇ ਹੋ। ਇਹ ਖੁਲ੍ਹੀ ਪਰ ਸੰਖੇਪ ਚਿੱਠੀ ਇਸ ਲਈ ਲਿਖ ਰਿਹਾ ਹਾਂ ਤਾਂ ਜੋ ਲੋਕ ਤੁਹਾਨੂੰ ਪੂਰੀ ਤਰ੍ਹਾਂ ਸਮਝ ਸਕਣ।

ਇਸ ਵੇਲੇ ਦੇਸ਼ ਭਾਰੀ ਆਰਥਕ ਸੰਕਟ ਵਿਚ ਹੈ। ਮਹਿੰਗਾਈ ਸਿਖਰਾਂ ਛੂਹ ਰਹੀ ਹੈ, ਬੇਰੁਜ਼ਗਾਰੀ ਦਾ ਕੋਈ

ਅੰਤ ਨਹੀਂ, ਪੈਸੇ ਦੀ ਕੋਈ ਕੀਮਤ ਨਹੀਂ ਰਹੀ, ਪਰ ਇਹ ਤੁਹਾਡਾ ਕਮਾਲ ਹੈ ਕਿ ਇਕ ਪਾਸੇ ਤੁਸੀਂ ਸੋਚਣ ਵਾਲੇ ਲੋਕਾਂ ਨੂੰ ਟੈਲੀਵੀਜ਼ਨ ਅੱਗੇ ਕੁਰਸੀਆਂ ਤੇ ਬਿਠਾ ਦਿਤਾ ਹੈ ਤਾਂ ਜੋ ਉਹ ਇਹ ਵਿਚਾਰ ਵਟਾਂਦਰਾ ਕਰਦੇ ਰਹਿਣ ਕਿ 'ਪਾਕਿਸਤਾਨ ਦਾ ਡਰਾਮਾ ਚੰਗਾ ਹੈ' 'ਜਲੰਧਰ ਦਾ ਦੂਰ ਦਰਸ਼ਨ ਕੂੜਾ ਕਿਰਕਟ ਤੋਂ ਸਿਵਾ ਕੁਝ ਨਹੀਂ" ਤੇ ਦੂਜੇ ਪਾਸੇ ਧਾਰਮਕ ਸ਼ਾਵੁਨਵਾਦ ਦੇ ਅਸਰ ਥੱਲੇ ਇਕ ਦੂਜੇ ਦੇ ਵਿਰੁਧ ਨਫਰਤ ਉਗਲਦੇ ਰਹਿਣ ਜਾਂ ਕਹੀਆਂ ਲੈਕੇ ਇਹ ਸੋਚਦੇ ਰਹਿਣ ਕਿ ਹਰਿਆਨਾ ਵਾਲੇ ਚਾਹੁੰਦੇ ਹਨ ਕਿ ਪਟਿਆਲਾ ਵੀ ਉਹਨਾਂ ਦੀ ਸਟੇਟ ਵਿਚ ਆ ਜਾਏ, ਕਿਉਂ ਕਿ ਪਟਿਆਲਾ ਦੇ ਹਿੰਦੂ ਉਹੋ ਚਾਹੁੰਦੇ ਹਨ।

ਤੁਸੀਂ ਚਾਲਾਂ ਚਲ ਰਹੇ ਹੋ। ਵਿਚੋਂ ਵਿਚ ਅਪਣੀ ਸਫਲਤਾ ਉਤੇ ਮੁਸਕਾਂਦੇ ਵੀ ਹੋਵੋਗੇ, ਪਰ ਇਹ ਚਿੱਠੀ ਤੁਹਾਨੂੰ ਚਿਤਾਵਨੀ ਹੈ ਕਿ ਤੁਹਾਡੀ ਇਹ ਖੇਡ ਬਹੁਤੀ ਦੇਰ ਨਹੀਂ ਚਲੇਗੀ। ਹਰ ਗੱਲ ਦੀ ਅਤਿ ਹੁੰਦੀ ਹੈ ਤੇ ਇਹ ਅਤਿ ਪੁਜ ਚੁੱਕੀ ਹੈ। ਬੜੀ ਜਲਦੀ 'ਤੁਹਾਡੀ ਅਸਲੀਅਤ ਦਾ ਭਾਂਡਾ ਚੁਰਾਹੇ ਵਿਚ ਭੱਜੇਗਾ। ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਉਹ ਦਿਨ ਜਲਦੀ ਆਉਣ ਵਾਲਾ ਹੈ।

ਤੁਹਾਡਾ—

ਲੋਕਾਂ ਦੀ ਜਿੱਤ ਚਾਹੁਣ ਵਾਲਾ ਭਾਰਤ ਦਾ ਇਕ ਸ਼ਹਿਰੀ

ਗੁਰਸ਼ਰਨ ਸਿੰਘ

## ਇਕ ਚਿੱਠੀ ਰੋੜਕੇਲਾ ਤੋਂ ਸੰਪਾਦਕ ਦੇ ਨਾਂ

ਸ੍ਰੀ ਮਾਨ ਐਡੀਟਰ ਜੀਓ,

28 ਮਾਰਚ 1986 ਨੂੰ ਲੁਧਿਆਣੇ ਸ਼ਹਿਰ ਵਿਚ ਹੋਏ ਘਲੂਘਾਰੇ ਨੇ ਇਕ ਵਾਰੀ ਫੇਰ ਸਾਰੇ ਹਿੰਦੋਸਤਾਨ ਨੂੰ ਕੰਬਾ ਦਿੱਤਾ ਹੈ। ਦੇਸ਼ ਦੀ ਪ੍ਰਗਤੀ ਦੀ ਮੁਹਰਲੀ ਕਤਾਰ ਵਿਚ ਖੜੇ ਪੰਜਾਬ ਦੇ ਉਸ ਦੇ ਸਭ ਤੋਂ ਵੱਡੇ ਉਦਯੋਗਕ ਸ਼ਹਿਰ ਲੁਧਿਆਣੇ ਤੇ ਉਥੋਂ ਦੀ ਸਾਹਿਤਕ ਸੰਸਕ੍ਰਿਤਕ ਤੇ ਸਭਿਆਚਾਰਕ ਸੜਕਾਂ ਤੇ ਗਲੀਆਂ ਵਿਚ ਖੂਨ ਦੀ ਹੋਲੀ ਖੇਡੀ ਜਾਣੀ, ਬੇਰੂਤ (ਲੇਬਾਨਾਨ) ਦੀਆਂ ਘਟਨਾਵਾਂ ਨਾਲੋਂ ਵੀ ਵੱਧ ਕਾਇਰਤਾ ਤੇ ਬੁਜ਼ਦਿਲੀ ਦੀ ਭਿਆਨਕ ਤਸਵੀਰ ਪੇਸ਼ ਕਰਦੀ ਹੈ।

ਜੇ ਉਹ ਦਰਿੰਦੇ ਸਿੱਖ ਹਨ ਤਾਂ ਸਮੁੱਚੇ ਸਿੱਖ ਧਰਮ ਲਈ, ਕਲੰਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਕਾਲਾ ਧੱਬਾ, ਜੋ ਸਦੀਆਂ ਤਕ ਮਿਟਾਇਆ ਨਹੀਂ ਜਾ ਸਕਦਾ।

ਅਜੇ ਤੱਕ ਇਹ ਧਾਰਨਾ ਰਹੀ ਕਿ ਸਿੱਖਾਂ ਦੀਆਂ ਕੁਝ ਮੰਗਾਂ ਹਨ, ਰਾਜਨੀਤਕ ਗਿਲੇ ਸ਼ਿਕਵੇ ਹਨ, ਉਹ ਨਿਆਂ ਮੰਗਦੇ ਹਨ। ਪਰ ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਇਨ੍ਹਾਂ ਨੇਤਾਵਾਂ ਦੀ ਕੋਈ ਮੰਗ ਨਹੀਂ ਸੀ, ਬਸ ਰਾਜ ਗੱਦੀ ਚਾਹੀਦੀ ਸੀ, ਜੋ ਕਿਸੇ ਨਾ ਕਿਸੇ ਬਹਾਨੇ ਮਿਲ ਗਈ। ਪਿਛਲੇ ਚਾਰ ਪੰਜ ਮਹੀਨਿਆਂ ਵਿਚ ਚੰਡੀਗੜ੍ਹ ਦੇ ਸਿੰਘਾਸਨ ਤੇ ਬੈਠ ਕੇ ਇਨ੍ਹਾਂ ਨੇ ਤਕਰੀਬਨ ਦੋ ਸੌ ਮਾਸੂਮ ਜਾਨਾਂ ਨੂੰ ਬੁਚੜਾਂ ਤੋਂ ਮਰਵਾ ਦਿੱਤਾ। ਕੀ ਇਹ ਪੰਜਾਬ ਦੀ ਤੇ ਸਮੁਚੇ ਭਾਰਤ ਦੀ ਜੰਤਾ ਨਾਲ ਵਿਸ਼ਵਾਸ-ਘਾਤ ਨਹੀਂ ਹੈ? ਇਨ੍ਹਾਂ ਚਾਰ ਪੰਜ ਮਹੀਨਿਆਂ ਵਿਚ ਗੁਰਦੁਆਰਿਆਂ, ਰੇਡੀਓ ਤੇ ਟੀ.ਵੀ. ਤੇ ਲੈਕਚਰ ਕਰਨ ਦੀ ਬਜਾਏ ਇਨ੍ਹਾਂ ਸੌ ਦੋ ਸੌ ਪਾਗਲ ਕੁਤਿਆਂ ਨੂੰ ਸਹਿਜੇ ਹੀ ਫੜ ਸਕਦੇ ਸੀ। ਨੱਕ ਤੋਂ ਚੋ ਕੇ ਜਦੋਂ ਮੂੰਹ ਵਿਚ ਪੈਣ ਲੱਗਾ ਤਾਂ ਇਨ੍ਹਾਂ ਨੂੰ ਹੋਸ਼ ਆਈ ਤੱਕ ਤਦ ਉਗਰ-ਵਾਦੀ ਹਲਕ ਦੇ ਸ਼ਿਕਾਰ ਅਨੇਕ ਸਿੱਖ ਨੌਜਵਾਨ ਬਣ ਗਏ।

ਕੀ ਫ਼ਰਕ ਰਹਿ ਗਿਆ ਜੂਨ 1984 ਤੇ ਮਾਰਚ 1986 ਦੀ ਸਥਿਤੀ ਦਾ। ਬਸ "ਇੰਦਰਾ ਤੋਂ ਅਕਾਲੀ" ਕੀ ਮੋਹਰ ਬਦਲੀ ਹੈ ਸਰਕਾਰੀ ਨਾਮ ਤੇ। ਹੁਣ ਫੇਰ ਦੋ ਸਾਲ ਪੁਰਾਣੀ ਕਹਾਣੀ ਦੁਹਰਾਈ ਜਾਣੀ ਹੈ। ਅਤਿਵਾਦੀ ਤੇ ਉਗਰਵਾਦੀਆਂ ਦੇ ਨਾਲ ਅਨੇਕ ਨਿਰਦੋਸ਼ ਨੌਜਵਾਨ ਵੀ ਪਕੜੇ ਜਾਣਗੇ। ਜੇਲ੍ਹਾਂ ਵਿਚ ਤਸੀਹੇ ਦਿਤੇ ਜਾਣੇ ਨੇ, ਉਨ੍ਹਾਂ ਦੇ ਹੱਡ ਪੈਰ ਬੋਦੇ ਕਰਕੇ, ਮਾਂ ਬਾਪ ਤੋਂ ਜੇਲ੍ਹ ਵਿਚ ਹੋਈ ਖਾਤਿਰ-ਤਵਾਜ਼ੋ ਦਾ ਜੁਰਮਾਨਾ ਇਵਜ਼ਾਨਾ ਲੈ ਕੇ ਬਾਹਰ ਸੜਕ ਤੇ ਸਿੱਟ ਦਿੱਤੇ ਜਾਣੇ ਹਨ। ਨਤੀਜੇ ਵਜੋਂ ਹਰ ਜ਼ਖ਼ਮੀ ਸ਼ੇਰ Man-Eater ਬਣ ਜਾਵੇਗਾ। ਉਸ ਨੂੰ ਆਪਣੇ ਪੇਟ ਦੀ ਭੁੱਖ ਦੂਰ ਕਰਨ ਲਈ ਬਸ ਖੂਨ ਚਾਹੀਦਾ ਹੋਵੇਗਾ। ਚਾਹੇ ਆਪਣੇ ਦਾ ਹੋਵੇ ਚਾਹੇ ਪਰਾਏ ਦਾ। ਸਿਲਸਿਲਾ ਜਾਰੀ ਰਹੇਗਾ।

ਕੀ ਸਾਡੀ ਭਾਰਤ ਸਰਕਾਰ ਹੁਣ ਅਕਾਲੀਆਂ ਦੇ ਰੂਪ ਵਿਚ ਸਾਰੇ ਪੰਜਾਬ ਵਿਚ ਪਹਿਲਾਂ ਦਹਿਸ਼ਤ ਫੈਲਾਉਣ ਤੇ ਮੁੜ ਦਬਾਉਣ ਦੇ ਬਹਾਨੇ ਥੱਲੇ ਕੁਝ ਪੰਜਾਬੀ ਨੌਜਵਾਨਾਂ ਨੂੰ ਖਤਮ ਕਰ ਦੇਵੇਗੀ? ਕੀ ਇਨ੍ਹਾਂ ਕੰਮਾਂ ਲਈ ਪੰਜਾਬ ਦੀ ਧਰਤੀ ਹੀ ਪ੍ਰਯੋਗਸ਼ਾਲਾ ਰਹਿ ਗਈ ਹੈ? ਜਿਸ ਵਿਚ ਨੌਜਵਾਨਾਂ ਦੇ ਸਰੀਰ ਦੀ ਆਹੂਤੀ ਦਿੰਦੀ ਜਾਂਦੀ ਹੈ?

ਪਿਛਲੇ 38 ਸਾਲਾਂ ਵਿਚ ਪੰਜਾਬੀ ਮਾਂ ਭਾਸ਼ਾ ਨੂੰ ਹਤਿਆਰਿਆਂ ਨੇ ਲੁੱਟ ਕੇ, ਧਰਮ ਦੇ ਬਸਤਰ ਪਹਿਨਾ ਅਖ਼ੀਰ ਵਿਚ ਦਿੱਲੀ, ਕਾਨਪੁਰ, ਬੁਖਾਰੋ ਤੇ ਰਾਂਚੀ ਦੀਆਂ ਮੰਡੀਆਂ ਵਿਚ ਨੀਲਾਮ ਕਰ ਦਿੱਤਾ। ਹੁਣ ਦੱਬੇ ਮੁਰਦੇ ਪੁੱਟ ਕੇ ਪੁਛਿਆ ਜਾ ਰਿਹਾ ਹੈ ਕਿ ਦੱਸ ਤੈਨੂੰ ਕਿਸ ਨੇ ਕਤਲ ਕੀਤਾ? ਇਹ ਕੰਮ ਤਾਰੀਖਦਾਨਾਂ ਹੈ, ਜੋ ਉਨ੍ਹਾਂ ਕਲਮਬੰਦ ਕਰ ਦਿੱਤਾ ਹੈ, ਕਿ ਦੋਸ਼ੀ ਕੌਣ?

ਮੇਰੇ ਸਾਰੇ ਪੰਜਾਬੀ ਵੀਰੋ, ਭੈਣੋ ਅਤੇ ਬਜ਼ੁਰਗੋ!

ਆਓ ਜ਼ਰਾ ਅਤੀਤ ਵੱਲ ਝਾਤੀ ਮਾਰੀਏ। 1947 ਵਿਚ ਹਿੰਦੁਸਤਾਨ ਨਹੀਂ ਸੀ ਵੰਡਿਆ ਗਿਆ, ਵੰਡਿਆ ਗਿਆ ਸੀ ਪੰਜਾਬ ਤੇ ਬੰਗਾਲ। ਕਿਉਂਕਿ ਇਨ੍ਹਾਂ ਦੋਵਾਂ ਹੀ ਕੌਮਾਂ ਨੂੰ ਸਭ ਤੋਂ ਵੱਧ ਅਜ਼ਾਦੀ ਦੇ ਘੋਲ ਵਿਚ ਖੂਨ ਬਹਾਉਣ ਦਾ ਇਵਜ਼ਾਨਾ ਦਿੱਤਾ ਗਿਆ ਸੀ, ਇਕ ਨਵਾਂ ਪੰਜਾਬ ਤੇ ਇਕ ਨਵਾਂ ਬੰਗਾਲ। ਪਾਕਿਸਤਾਨ ਤੇ ਭਾਰਤ ਦੀ ਕਿਸੇ ਹੋਰ ਧਰਤੀ ਤੇ ਵੀ ਬਣ ਸਕਦਾ ਸੀ, ਜਦੋਂ ਧਰਮ ਦੇ ਅਧਾਰ ਤੇ ਲੋਕਾਂ ਨੇ ਵਟਾਂਦਰਾ ਕਰਨਾ ਹੀ ਸੀ। ਬੰਗਾਲੀ ਬੁਧੀਮਾਨ ਤਾਂ ਸਮਝ ਗਏ, ਪਰ ਪੰਜਾਬੀਆਂ ਆਪਣੀ ਬੇਵਕੂਫੀ ਦਾ ਸਬੂਤ ਦਿੰਦੇ ਹੋਏ ਪੰਜਾਬ ਨੂੰ ਮੁੜ ਤਿੰਨ ਹਿਸਿਆਂ ਵਿਚ ਕਟਵਾ ਦਿੱਤਾ। ਕਹਿੰਦੇ "ਰਾਜ ਕਰੇਗਾ ਖਾਲਸਾ ਹੁਣ"। ਕਰ ਲਵੋ ਰਾਜ। ਤੁਹਾਡੀਆਂ ਹੀ ਉਗਾਈਆਂ ਖੁੰਬਾਂ ਵਿਚ ਸ਼ਹਿਰ ਭਰ ਗਿਆ ਹੈ। ਤੇ ਜਿੰਨਾ ਚਿਰ ਇਹ ਤਬਾਹ ਨਹੀਂ ਹੋ ਜਾਂਦੀਆਂ, ਤੁਸੀਂ ਸੁਖ ਦੀ ਨੀਂਦ ਨਹੀਂ ਸੌਂ ਸਕਦੇ। ਹੁਣ ਓਧਰ ਤੱਕੋ। ਲੋਹੜਾ ਰੱਬ ਦਾ। ਅਜੇ ਤੱਕ ਕਿਸੇ ਵੀ ਕੌਮ ਦੀ ਤਾਰੀਖ ਵਿਚ ਇਹ ਨਹੀਂ ਪੜ੍ਹਿਆ ਕਿ ਕਿਸੇ ਫਿਰਕੇ ਨੇ ਆਪਣੀ ਮਾਂ ਬੋਲੀ ਨੂੰ ਸ਼ਰੇਆਮ ਤਿਲਾਂਜਲੀ ਦਿੱਤੀ ਹੋਵੇ। ਅਥਵਾ ਜਨਮ ਦੇਣ ਵਾਲੀ ਮਾਂ ਤੋਂ ਹੀ ਮੁਨਕਰ। ਭਾਰਤ ਦੇ ਕਿਸੇ ਕੋਨੇ ਵਿਚ ਚਲੇ ਜਾਓ। ਬੰਬਈ, ਕਲਕੱਤਾ, ਹੈਦਰਾਬਾਦ, ਲਖਨਊ, ਆਗਰਾ, ਪਟਨਾ ਤੇ ਭਵਨੇਸ਼ਵਰ। ਪੁਸ਼ਤਾਂ ਤੋਂ ਬੰਗਾਲੀ, ਤਾਮਿਲ, ਤੇਲਗੂ, ਉੜੀਆ ਤੇ ਮਰਾਠੀ ਇਕ ਦੂਜੇ ਪ੍ਰਾਂਤਾਂ ਵਿਚ ਆਪਣੇ ਕਾਰੋਬਾਰ ਤੇ ਨੌਕਰੀਆਂ ਸਹਾਰੇ ਵੱਸ ਰਹੇ ਹਨ। ਪਰ ਮਜਾਲ ਹੈ ਕਿ ਕਿਸੇ ਨੇ ਘਰ ਵਿਚ ਆਪਣੀ ਮਾਂ ਬੋਲੀ ਬਦਲੀ ਹੋਵੇ। ਬਾਹਰ ਬੇਸ਼ੱਕ ਹਿੰਦੀ ਜਾਂ ਅੰਗਰੇਜ਼ੀ ਬੋਲਦੇ ਰਹਿਣ।

ਫਿਟ ਲਾਹਨਤ ਹੈ ਉਨ੍ਹਾਂ ਪੰਜਾਬੀਆਂ ਦੇ ਜੋ ਪੰਜਾਬੀ ਹੁੰਦੇ ਹੋਏ ਵੀ ਆਪਣੀ ਮਾਂ ਨੂੰ ਪਹਿਚਾਨਣ ਤੋਂ ਮੁਨਕਰ ਹਨ। ਤਾਰੀਖ ਵਿਚ ਤਾਂ ਕਿਤੇ ਅਜੇਹਾ ਸ਼ਬਦ ਨਹੀਂ ਬਣਿਆ, ਨਾ ਹੀ ਡਿਕਸ਼ਨਰੀ ਵਿਚ ਕੋਈ ਐਸਾ ਸ਼ਬਦ ਨਜ਼ਰ ਆਉਂਦਾ ਹੈ ਜੋ ਅਜੇਹੇ ਲੋਕਾਂ ਲਈ ਵਰਤਿਆ ਜਾਵੇ, ਫਿੱਟ ਲਾਹਨਤ ਤੋਂ ਸਿਵਾ। ਬੱਸ 1947 ਤੋਂ ਬਾਅਦ ਪੰਜਾਬ ਦੀ ਬਿਮਾਰੀ ਦੀ ਇਹੋ ਜੜ੍ਹ ਹੈ, ਜਿਸ ਨੇ ਇਕੋ ਮਾਂ ਦੇ ਦੋ ਭਰਾਵਾਂ ਨੂੰ ਵੰਡ ਕੇ, ਬਹੁ ਸੰਮਤੀ ਦੀ ਕੂਟਲਨੀਤੀ ਨੇ ਨਫਰਤ ਦਾ ਪੈਟਰੋਲ ਪਾ ਕੇ ਧਰਮ ਦੀ ਅੱਗ ਵਿਚ ਝੋਂਕ ਦਿੱਤਾ। ਵਿਚਾਰੀ ਪੰਜਾਬੀ ਮਾਂ ਤੇ ਖ਼ਾਲਿਸਤਾਨ ਦਾ ਬਿੱਲਾ ਲਾ ਕੇ, ਭਾਰਤ ਵਿਚ ਤਾਂ ਕੀ, ਕੁਲ ਵਿਸ਼ਵ ਵਿਚ ਬਦਨਾਮ ਕਰ ਦਿੱਤਾ।

ਸੱਚ ਆਖਿਆ ਹੈ :—ਜੇ ਕਿਸੇ ਕੌਮ ਦੀ ਆਵਾਜ਼ ਖਤਮ ਕਰਨੀ ਹੋਵੇ ਤਾਂ ਉਸਦੀ ਬੋਲੀ ਪਹਿਲਾਂ ਖਤਮ ਕਰੋ। ਕਿਉਂ ਗਲਾ ਜੋ ਸਹਿਜੇ ਹੀ ਦਬਾਇਆ ਜਾ ਸਕਦਾ ਹੈ। ਆਵਾਜ਼ ਬੋਲੀ ਓਥੋਂ ਹੀ ਨਿਕਲਦੀ ਹੈ। ਜੋਸ਼ ਨਾਲੋਂ ਹੋਸ਼ ਤੋਂ ਕੰਮ ਲਵੋ ਮੇਰੇ ਪਿਆਰੇ ਪੰਜਾਬੀਓ। ਇਹ ਪੰਜਾਬੀ ਮਾਂ ਮੇਰੀ ਨਹੀਂ ਤੇਰੀ ਨਹੀਂ, ਸਾਡੀ ਸਭ ਦੀ ਸਾਂਝੀ ਹੈ। ਤੁਸੀਂ ਆਪਣੇ ਹੱਥੀਂ ਆਪਣਾ ਆਤਮਘਾਤ ਕਰ ਰਹੇ ਹੋ। ਅਜੇ ਵੀ ਸੰਭਲੋ ਜਿਵੇਂ ਗੁਰੂ ਨਾਨਕ ਦੇਵ ਜੀ ਦੱਸ ਗਏ ਹਨ, ਤੁਹਾਡਾ ਆਪਣਾ ਕਸੂਰ :—

ਆਪੇ ਦੋਸ਼ ਨਾ ਦੇਈ ਕਰਤਾ,ਜਮ ਕਰ ਮੁਗਲ ਚੜ੍ਹਾਇਆ...

ਮੇਰਾ ਜਵਾਨ ਪੁਤਰ ਜੋ ਪੰਜਾਬ ਤੋਂ ਬਾਹਰ ਜੰਮਿਆ, ਸਿਖੀ ਰਹਿਤਾਂ ਤੇ ਪੰਜਾਬੀ ਸਭਿਆਚਾਰ ਦੀ ਛਾਂ ਥੱਲੇ ਪਲਿਆ ਤੇ ਪਬਲਿਕ ਸਕੂਲ ਵਿਚ ਪੜ੍ਹਿਆ, ਅੱਜ ਮੈਨੂੰ ਅਜੋਕੇ ਪੰਜਾਬ ਦੀ ਸਥਿਤੀ ਤੇ ਸਿਖ ਧਰਮ ਦੇ ਸੰਧਰਭ ਵਿਚ ਕੁਝ ਸਵਾਲ ਪੁਛ ਰਿਹਾ ਹੈ :—

1. ਕੀ ਓਹੋ ਪੰਜਾਬ ਜਿਸ ਬਾਰੇ ਦਸਿਆ ਕਰਦੇ ਸੀ ਕਿ ਪਿੰਡ ਦੇ ਗੁਰਦੁਆਰਿਆਂ ਵਿਚ ਸਵੇਰ ਸ਼ਾਮ ਕੀਰਤਨ ਤੇ ਹਰ ਐਤਵਾਰ ਨੂੰ ਦੀਵਾਨ ਲਗਿਆ ਕਰਦੇ ਸਨ ? ਉਸ ਦੇਖਿਆ ਹੁਣ ਐਤਵਾਰ ਤੇ ਸੰਗਰਾਂਦ ਨੂੰ ਚਾਰ ਪੰਜ ਬੁਢਿਆਂ ਤੋਂ ਸਿਵਾ ਕੋਈ ਨਹੀਂ ਜਾਂਦਾ ?

2. ਕੀ ਓਹੋ ਤੁਹਾਡਾ ਪਿੰਡ ਜਿਥੇ ਤੁਹਾਡੇ ਕਹਿਣ ਅਨੁਸਾਰ ਚਾਹ ਵੀ ਕੋਈ ਟਾਵਾਂ ਟਾਵਾਂ ਪੀਆ ਕਰਦਾ ਸੀ ਹੁਣ ਹਰ ਸ਼ਾਮ ਬੀਅਰ ਤੇ ਵਿਸਕੀ ਖੁਲ੍ਹਦੀ ਹੈ।

3. ਕੀ ਓਹੋ ਤੁਹਾਡੇ ਪਿੰਡ ਨੂੰ ਜਾਣ ਵਾਲੀ ਸ਼ਾਮ ਦੀ ਬਸ ਜਿਸ ਵਿਚ ਡੀਜ਼ਲ ਦੀ ਬੋ ਨਾਲੋਂ ਸ਼ਰਾਬ ਦੀ ਬੋ ਜ਼ਿਆਦਾ ਆਉਂਦੀ ਹੈ ?

4. ਕੀ ਓਹੋ ਪੰਜਾਬ ਦੇ ਗਭਰੂ ਜੋ ਭਈਆਂ ਤੋਂ ਸੁਰਤੀ (ਖੈਣੀ) ਖਾਂਦੇ ਖੁਦ ਬੇਸੁਰਤ ਹੋ ਗਏ ਹਨ।

5. ਇਹ ਕਿਹੜੀ ਨਸਲ ਦੀ ਸਿਖੀ, ਜੋ ਦਾਹੜੀ ਤੇ ਕੇਸਾਂ ਨੂੰ ਛੰਗਵਾਉਣ ਲਈ ਸ਼ਰੇਆਮ ਹਜਾਮ ਦੀਆਂ ਦੁਕਾਨਾਂ ਤੇ ਖੜੀ ਰਹਿੰਦੀ ਹੈ ?

6. ਤੁਸੀਂ ਕਹੋਗੇ ਇਹ ਸਭ ਲੋਕ ਅਨਪੜ੍ਹ,ਘਟੀਆਂ ਕਿਸਮ ਤੇ ਨੀਚ ਜਾਤੀ ਦੇ ਹੋਣਗੇ। ਮੈਂ ਪੁਛਦਾ ਹਾਂ ਜੇ ਇਹ ਸਿਖ ਧਰਮ ਨਾਲ ਸਬੰਧ ਰਖਦੇ ਹਨ ਤਾਂ ਤੁਸੀਂ ਪੜ੍ਹ ਲਿਖੇ ਉੱਚੀ ਜਾਤੀ ਵਾਲੇ ਕਿਉਂ ਨਹੀਂ ਇਨ੍ਹਾਂ ਨੂੰ ਰੋਕਦੇ ? ਇਨੇਂ ਦੀਆਂ ਬੋਤਲਾਂ ਕਿਉਂ ਨਹੀਂ ਤੋੜਦੇ ? ਇਨਾਂ ਦੇ ਚਾਦਰਿਆਂ ਵਿਚ ਬੰਨ੍ਹੀਆਂ ਸੁਰਤੀ ਦੀ ਡੱਬੀਆਂ ਕਿਉਂ ਨਹੀਂ ਖਿਚਦੇ ? ਸਿਖੀ ਸਰੂਪ ਨੂੰ ਨਾਈਆਂ ਦੀਆਂ ਦੁਕਾਨਾਂ ਅੱਗੋਂ ਕਿਓਂ ਨਹੀਂ ਫੜਦੇ। ਤੁਸੀਂ ਉਤਰ ਦਿੰਦੇ ਹੋ : —ਅਸੀਂ ਕੀ ਲੈਣਾ ? ਅਸਾਂ ਕੀ ਲੈਣਾ ?

ਜੇ ਤੁਹਾਡੇ ਵਿਚ ਇਹ ਹਿੰਮਤ ਨਹੀਂ ਤਾਂ ਤੁਸੀਂ ਉਗਰਵਾਦੀਆਂ ਦਾ ਮੁਕਾਬਲਾ ਤਾਂ ਕੀ ਕਰਨਾ, ਤੁਸੀਂ ਆਪ ਵੀ ਗੁਰੂ ਦੇ ਸਿਖ ਅਖਵਾਓਣ ਦੇ ਹੱਕਦਾਰ ਨਹੀਂ। ਸਿਖੀ ਦਾ ਦੂਜਾ ਨਾਮ 'ਅਰਥ' ਹੈ, ਜੋ ਜੀਵਨ ਦੀ ਸੇਧ ਦਿੰਦਾ ਹੈ ਮਨੁੱਖਤਾ ਨੂੰ। ਇਨ੍ਹਾਂ ਉਪਰ ਲਿਖੇ ਸਵਾਲਾਂ ਦਾ ਉਤਰ ਮੈਂ ਆਪਣੀ ਸਮੁੱਚੀ ਕੌਮ ਤੋਂ ਪੁਛਦਾ ਹਾਂ।

—ਹਰਿੰਦਰ ਸਿੰਘ "ਸਾਚਾ"

## ਪੰਜਾਬ ਲੋਕ ਸਭਿਆਚਾਰਕ ਮੰਚ ਦਾ ਸਾਲਾਨਾ ਸਥਾਪਨਾ ਸਮਾਗਮ

੦ ਇਹ ਸਮਾਗਮ ਇਸ ਵਾਰ ਇਨਕਲਾਬੀ ਲਹਿਰ ਦੇ ਸ਼ਹੀਦ ਸਾਥੀ ਪਵਨ ਅਤੇ ਜਸਪਾਲ ਦੇ ਜਨਮ ਪਿੰਡ ਬਲਦ ਕਲਾਂ ਜ਼ਿਲਾ ਸੰਗਰੂਰ ਵਿਚ 5-6 ਨੂੰ ਅਪ੍ਰੈਲ ਹੋਇਆ । ਆਪਣੀਆਂ ਪਹਿਲੀਆਂ ਸ਼ਾਨਦਾਰ ਰਵਾਇਤਾਂ ਨੂੰ ਕਾਇਮ ਰਖਦਿਆਂ ਹੋਇਆਂ ਇਸ ਸਮਾਗਮ ਵਿਚ ਇਕ ਵੱਡਾ ਨਾਟਕ ਤੇ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ, ਜਿਸਨੂੰ ਦਰਸ਼ਕਾਂ ਨੇ ਦੇਰ ਰਾਤ ਤਕ ਦੇਖਿਆ । ਪਲਸ ਮੰਚ ਦੀਆਂ ਟੀਮਾਂ ਤੇ ਵੱਖ ਵੱਖ ਕਲਾਕਾਰਾਂ ਨੇ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਲਿਆ । ਪੰਜਾਬ ਵਿਚ ਖਿਚਾਅ ਦੇ ਹਾਲਤ ਹੁੰਦੇ ਹੋਏ ਵੀ 5000 ਦੇ ਕਰੀਬ ਦਰਸ਼ਕ, ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਦੀ ਸੀ, ਨੇ ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ ਤੇ ਪਲਸ ਮੰਚ ਦੇ ਸਭਿਆਚਾਰਕ ਖੇਤਰ ਵਿਚ ਕੀਤੇ ਕੰਮ ਦਾ ਭਰਪੂਰ ਹੁੰਗਾਰਾ ਭਰਿਆ ।

੦ ਸਾਲ 1986-87 ਲਈ ਅਹੁਦੇਦਾਰਾਂ ਦੀ ਚੋਣ ਵਿਚ ਸਰਬ ਸੰਮਤੀ ਨਾਲ ਗੁਰਸ਼ਰਨ ਸਿੰਘ ਨੂੰ ਪ੍ਰਧਾਨ, ਸਬਜਿੰਦਰ ਕੇਦਾਰ ਨੂੰ ਜਨਰਲ ਸਕੱਤਰ ਅਤੇ ਸੁਰਜੀਤ ਬਰਾੜ ਨੂੰ ਵਿੱਤ ਸਕੱਤਰ ਚੁਣਿਆ ਗਿਆ । 21 ਮੈਂਬਰੀ ਸੂਬਾ ਕਮੇਟੀ ਚੁਣੀ ਗਈ, ਜਿਸ ਵਿਚ ਪਲਸ ਮੰਚ ਦੀਆਂ ਟੀਮਾਂ ਦੇ ਪ੍ਰਤੀਨਿਧਾਂ ਨੂੰ ਅਤੇ ਸਾਹਿਤਕਾਰਾਂ ਨੂੰ ਵਿਅਕਤੀਗਤ ਰੂਪ ਵਿਚ ਨੁਮਾਇੰਦਗੀ ਦਿਤੀ ਗਈ । ਪ੍ਰਕਾਸ਼ਨ ਕਮੇਟੀ ਲਈ ਗੁਰਸ਼ਰਨ ਸਿੰਘ, ਗੁਰਬਖਸ਼ ਜੱਸ, ਅਮੋਲਕ, ਸੁਰਜੀਤ ਬਰਾੜ ਅਤੇ ਜ਼ੋਰਾ ਸਿੰਘ ਦੀ ਚੋਣ ਹੋਈ । ਸਾਹਿਤਕ ਸਰਗਰਮੀਆਂ ਲਈ ਇਕ ਸਲਾਹਕਾਰ ਕਮੇਟੀ ਵੀ ਬਣਾਈ ਗਈ । ਜਿਸ ਵਿਚ ਪ੍ਰੋ: ਹਮਦਰਦਵੀਰ, ਡਾਕਟਰ ਸਤੀਸ਼ ਵਰਮਾ, ਡਾ. ਚਮਨ ਲਾਲ ਅਤੇ ਅਮਰ ਆਫਤਾਬ ਸ਼ਾਮਿਲ ਕੀਤੇ ਗਏ, ਜੋ ਪ੍ਰਕਾਸ਼ਨਾਂ ਕਮੇਟੀ ਨੂੰ ਉਹਨਾਂ ਦੇ ਕੰਮ ਵਿਚ ਸਲਾਹ ਅਤੇ ਸਹਾਇਤਾ ਦੇਣਗੇ । ਪਿਛਲੇ ਸਾਲ ਦੇ ਕੰਮ ਬਾਰੇ ਪੜਚੋਲਵੀਂ ਬਹਿਸ ਕੀਤੀ ਗਈ ਅਤੇ ਆਉਣ ਵਾਲੇ ਸਾਲ ਲਈ ਹੇਠ ਲਿਖੇ ਕੰਮ ਮਿਥੇ ਗਏ-:

(1) ਵੱਖ ਵੱਖ ਇਲਾਕਿਆਂ ਵਿਚ ਨਾਟਕ ਵਰਕਸ਼ਾਪ ਲਗਾਈਆਂ ਜਾਣਗੀਆਂ । ਪਹਿਲੀ ਵਰਕਸ਼ਾਪ ਘੱਲੀਆਂ ਕਲਾਂ ਵਿਚ 23 ਜੂਨ ਤੋਂ 2 ਜੁਲਾਈ, ਦੂਜੀ ਵਰਕਸ਼ਾਪ ਰੋਪੜ ਜ਼ਿਲੇ ਵਿਚ 4 ਜੁਲਾਈ ਤੋਂ 14 ਜੁਲਾਈ, ਤੀਜੀ ਵਰਕਸ਼ਾਪ 16 ਜੁਲਾਈ ਤੋਂ 31 ਜੁਲਾਈ ਤਕ ਪਟਿਆਲੇ ਜ਼ਿਲ੍ਹੇ ਵਿਚ । ਇਹਨਾਂ ਵਰਕਸ਼ਾਪਾਂ 'ਚ ਮਾਹਿਰਾਂ ਦੀ ਦੇਖ ਰੇਖ ਵਿਚ ਮੰਚ ਦੀਆਂ ਵੱਖ ਵੱਖ ਟੀਮਾਂ ਵਲੋਂ ਨਾਟਕ ਤਿਆਰ ਕੀਤੇ ਜਾਣਗੇ । ਇਹਨਾਂ ਨਾਟਕਾਂ ਦੀ ਪ੍ਰਦਰਸ਼ਨੀ ਪਲਸ ਮੰਚ ਦੇ ਵਿਸ਼ੇਸ਼ ਨਾਟਕ ਸਮਾਗਮ ਵਿਚ ਸਤੰਬਰ ਦੇ ਦੂਜੇ ਸ਼ਨੀਚਰਵਾਰ ਭਾਵ **13 ਸਤੰਬਰ** ਨੂੰ ਪੰਜਾਬੀ ਭਵਨ ਲੁਧਿਆਣਾ ਵਿਚ ਰਾਤ 8 ਵਜੇ ਤੋਂ ਲੈ ਕੇ ਦੇਰ ਰਾਤ ਤਕ ਕੀਤੀ ਜਾਏਗੀ ।

(2) ਪ੍ਰਕਾਸ਼ਨਾਂ ਕਮੇਟੀ ਵਲੋਂ ਇਕ ਤ੍ਰੈਮਾਸਕ ਸਾਹਿਤਕ ਰਸਾਲਾ **ਸਰਦਲ** ਕਢਿਆ ਜਾਏਗਾ ।

ਨੋਟ :—ਸਾਹਿਤਕ ਸਲਾਹਕਾਰ ਕਮੇਟੀ ਦੀ 19 ਅਪ੍ਰੈਲ ਦੀ ਮੀਟਿੰਗ ਵਿਚ ਇਸ ਤ੍ਰੈਮਾਸਿਕ ਦੀ ਪੂਰੀ ਰੂਪ ਰੇਖਾ ਬਣਾ ਦਿਤੀ ਗਈ ਹੈ । **ਸਰਦਲ** ਇਕ ਸਾਹਿਤਕ ਪੇਪਰ ਹੋਵੇਗਾ, ਜਿਸ ਦੇ ਸੰਪਾਦਕੀ ਮੰਡਲ ਦੀ ਜ਼ਿੰਮੇਵਾਰੀ ਗੁਰਬਖਸ਼ ਜੱਸ, ਸੁਰਜੀਤ ਬਰਾੜ ਅਤੇ ਅਮੋਲਕ ਨਿਭਾਉਣਗੇ । ਸਰਦਲ ਦਾ ਪ੍ਰਬੰਧਕੀ ਪਤਾ : **ਗੁਰਬਖਸ਼ ਜੱਸ ਪਿੰਡ ਤੇ ਡਾਕਖਾਨਾ ਪੁਰ ਹੀਰਾਂ ਜ਼ਿਲਾ ਹੁਸ਼ਿਆਰਪੁਰ** ਹੋਵੇਗਾ । ਇਕ ਪਰਚੇ ਦੀ ਕੀਮਤ 4/- ਹੋਵੇਗੀ ਤੇ ਸਲਾਨਾ ਚੰਦਾ 15/- ਹੋਵੇਗਾ । ਪਲਸ ਮੰਚ ਦੇ ਸਾਰੇ ਮੈਂਬਰ ਇਹਦੇ ਲਈ ਪਾਠਕ ਬਨਾਉਣ ਲਈ ਅਤੇ ਸਾਲਾਨਾ ਚੰਦਾ ਜਮ੍ਹਾਂ ਕਰਨ ਲਈ ਵਿਸ਼ੇਸ਼ ਯਤਨ ਕਰਨਗੇ । ਇਹਦੇ ਲਈ ਰਸੀਦ ਬੁੱਕਾਂ ਛਾਪ ਦਿਤੀਆਂ ਗਈਆਂ ਹਨ । ਸਰਦਲ ਦਾ ਪਹਿਲਾ ਅੰਕ **3 ਅਗਸਤ ਐਤਵਾਰ** ਪਲਸ ਮੰਚ ਦੇ ਸਾਹਿਤਕ ਸਮਾਗਮ ਵਿਚ ਰੀਲੀਜ਼ ਕੀਤਾ ਜਾਏਗਾ, ਜੋ ਪੰਜਾਬੀ ਭਵਨ ਲੁਧਿਆਣਾ ਦੇ ਸੈਮੀਨਾਰ ਹਾਲ ਵਿਚ 11 ਵਜੇ ਤੋਂ 3 ਵਜੇ ਤਕ ਹੋਵੇਗਾ ।

(3) ਸਾਲਾਨਾ ਸਾਹਿਤਕ ਸਮਾਗਮ : 6 ਅਪ੍ਰੈਲ ਦੀ ਮੀਟਿੰਗ ਵਿਚ ਇਸ ਸਮਾਗਮ ਨੂੰ ਕਰਵਾਉਣ ਦੀ ਜ਼ਿੰਮੇਵਾਰੀ ਸਾਹਿਤਕ ਸਲਾਹਕਾਰ ਕਮੇਟੀ ਤੇ ਲਗਾਈ ਗਈ ਸੀ । ਇਸ ਕਮੇਟੀ ਨੇ 19 ਅਪ੍ਰੈਲ ਨੂੰ ਇਹ ਮੀਟਿੰਗ ਕੀਤੀ ਅਤੇ ਫ਼ੈਸਲਾ ਕੀਤਾ ਕਿ ਇਹ ਸਮਾਗਮ ਐਤਵਾਰ 3 ਅਗਸਤ ਪੰਜਾਬੀ ਭਵਨ ਦੇ ਸੈਮੀਨਾਰ ਹਾਲ ਵਿਚ 11 ਵਜੇ ਤੋਂ 3 ਵਜੇ ਤਕ ਕੀਤਾ ਜਾਏਗਾ । ਇਸ ਸਮਾਗਮ ਵਿਚ ਮੁੱਖ ਤੌਰ ਤੇ ਇਕ ਗੋਸ਼ਟੀ ਹੋਵੇਗੀ, ਜਿਸ ਵਿਚ **ਸਾਹਿਤ ਸਿਰਜਣਾ ਵਿਚ ਸਾਹਿਤਕਾਰ ਦੀ ਦ੍ਰਿਸ਼ਟੀ** ਲਿਖਣ ਦੀ ਮਹੱਤਤਾ ਬਾਰੇ ਬਹਿਸ ਹੋਵੇਗੀ । ਗੋਸ਼ਟੀ ਪੇਪਰ ਲਈ ਦੋ ਵਿਦਵਾਨਾਂ ਨੂੰ ਬੇਨਤੀ ਕਰਨ ਦਾ ਫੈਸਲਾ ਹੋਇਆ । ਸਮਾਗਮ ਵਾਸਤੇ ਦਿਲੀ ਯੂਨੀਵਰਸਿਟੀ ਦੇ ਪ੍ਰੋ: ਰਨਧੀਰ ਸਿੰਘ ਜੀ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਬੁਲਾਏ ਜਾਣ ਦਾ ਵੀ ਫ਼ੈਸਲਾ ਹੋਇਆ । ਉਹਨਾਂ ਨੂੰ ਇਹ ਬੇਨਤੀ ਕੀਤੀ ਜਾਏਗੀ ਕਿ ਉਹ ਸਾਹਿਤ ਰਚਨਾ ਵਿਚ ਮਾਰਕਸੀ

ਫਲਸਫੇ ਦੀ ਦੇਣ ਉਤੇ ਵਿਚਾਰ ਪੇਸ਼ ਕਰਨ । ਸਾਹਿਤਕ ਸਮਾਗਮ ਵਿਚ ਪਹਿਲਾ ਦੌਰ ਗੋਸ਼ਟੀ ਦਾ ਹੋਵੇਗਾ ਤੇ ਦੂਜਾ ਦੌਰ ਕਵੀ ਦਰਬਾਰ ਦਾ ਹੋਵੇਗਾ ।

(4) ਇਹ ਵੀ ਫੈਸਲਾ ਹੋਇਆ ਕਿ ਪਲਸ ਮੰਚ ਅਪਣੀ ਜ਼ਿੰਮੇਵਾਰੀ ਤੇ ਸਾਲ ਦੇ ਚਾਰ ਸਮਾਗਮ ਕਰੇਗੀ ।

(ੳ) ਸਾਲਾਨਾ ਸਥਾਪਨਾ ਦਿਵਸ

(ਅ) ਸਾਲਾਨਾ ਸਾਹਿਤਕ ਪ੍ਰੋਗਰਾਮ (ਇਸ ਸਾਲ 3 ਅਗਸਤ ਨੂੰ)

(ੲ) ਜਨਵਰੀ ਦੇ ਅਖੀਰਲੇ ਸ਼ਨੀਚਰਵਾਰ ਦੇਸ਼ ਭਗਤ ਹਾਲ ਜਲੰਧਰ ਵਿਚ ਸਾਲਾਨਾ ਸਭਿਆਚਾਰਕ ਸਮਾਗਮ।

(ਸ) ਬਰਸਾਤ ਦੇ ਮੌਸਮ ਤੋਂ ਬਾਅਦ ਪੰਜਾਬੀ ਭਵਨ ਲੁਧਿਆਣਾ ਵਿਚ ਸੰਗੀਤ ਅਤੇ ਨਾਟਕ ਦਾ ਸਮਾਗਮ (ਇਸ ਸਾਲ 13 ਸਤੰਬਰ)

ਇਹ ਵੀ ਫੈਸਲਾ ਹੋਇਆ ਕਿ ਪਲਸ ਮੰਚ ਦੇ ਸਮਾਗਮਾਂ ਲਈ ਪਲਸ ਮੰਚ ਦੀਆਂ ਨਾਟਕ ਅਤੇ ਸੰਗੀਤ ਟੀਮਾਂ ਨੂੰ ਆਪਣੀ ਥਾਂ ਤੋਂ ਸਮਾਗਮ ਵਾਲੀ ਥਾਂ ਤਕ ਦਾ ਆਉਣ ਜਾਣ ਦਾ ਬਸ ਕਿਰਾਇਆ ਜ਼ਰੂਰ ਦਿਤਾ ਜਾਏਗਾ ।

ਪਲਸ ਮੰਚ ਦੀਆਂ ਟੀਮਾਂ ਅਪਣੇ ਅਪਣੇ ਪੱਧਰ ਤੇ ਹੋਰਨਾਂ ਭਰਾਤਰੀ ਜਥੇਬੰਦੀਆਂ ਦੇ ਸੱਦੇ ਤੇ ਨਾਟਕ ਪ੍ਰੋਗਰਾਮ ਵੀ ਕਰਨਗੀਆਂ, ਪਰ ਪਲਸ ਮੰਚ ਦਾ ਪ੍ਰੋਗਰਾਮ ਉਹੀ ਹੋਵੇਗਾ, ਜਿਸ ਵਿਚ ਮੰਚ ਪੂਰੀ ਤਰ੍ਹਾਂ ਪਲਸ ਮੰਚ ਦੇ ਹਵਾਲੇ ਹੋਏਗਾ ।

(5) ਪਲਸ ਮੰਚ ਦੀਆਂ ਮੈਂਬਰ ਟੀਮਾਂ ਵਲੋਂ ਗੀਤਾਂ ਦੀਆਂ ਕੈਸਟਾਂ ਤਿਆਰ ਕਰਨ ਵਿਚ ਪਲਸ ਮੰਚ ਵਲੋਂ ਪੂਰੀ ਹੌਸਲਾ-ਅਫਜ਼ਾਈ ਕੀਤੀ ਜਾਏਗੀ ਤੇ ਇਹ ਵੀ ਯਤਨ ਹੋਵੇਗਾ ਕਿ ਹਰ ਸਾਲ ਮੰਚ ਵਲੋਂ ਚੋਣਵੇਂ ਗੀਤਾਂ ਦੀ ਕੈਸਟ ਵੀ ਰੀਲੀਜ਼ ਕੀਤੀ ਜਾਂਏ ।

o ਬਲਦ ਕਲਾਂ ਦੇ ਸਮਾਗਮ ਦੀ ਸਫਲਤਾ ਲਈ ਸੂਬਾ ਕਮੇਟੀ ਇਲਾਕੇ ਦੇ ਸਾਰੇ ਲੋਕਾਂ, ਵਿਸ਼ੇਸ਼ ਕਰਕੇ ਪਿੰਡ ਨਿਵਾਸੀਆਂ ਦਾ, ਸਾਥੀ ਮੇਜਰ ਬਦਲ ਕਲਾਂ ਦਾ, ਅਤੇ ਪੰਜਾਬ ਕਿਸਾਨ ਯੂਨੀਅਨ ਅਤੇ ਪੰਜਾਬ ਦਿਹਾੜੀ ਮਜ਼ਦੂਰ ਯੂਨੀਅਨ ਦੇ ਵਾਲੰਟੀਅਰਾਂ ਦੀ ਤਹਿ ਦਿਲੋਂ ਧੰਨਵਾਦੀ ਹੈ । ਇਹਨਾਂ ਸਾਰਿਆਂ ਦੇ ਸਹਿਯੋਗ ਬਿਨਾਂ ਇਹ ਸਮਾਗਮ ਮੁਮਕਿਨ ਨਹੀਂ ਸੀ ।

o ਅੰਤ ਵਿਚ, ਪਲਸ ਮੰਚ ਪੰਜਾਬ ਦੇ ਲੋਕਾਂ ਨੂੰ ਵਚਨ ਦੇਂਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਮੰਚ ਉਹਨਾਂ ਦੀ ਉੱਚੀ ਤੇ ਸੁੱਚੀ ਕਲਾ ਨਾਲ ਉਹਨਾਂ ਦੀ ਸੇਵਾ ਕਰੇਗਾ ਤੇ ਉਹਨਾਂ ਸੰਘਰਸ਼ਸ਼ੀਲ ਲੋਕਾਂ ਲਈ ਪ੍ਰੇਰਨਾ ਸਰੋਤ ਬਣੇਗਾ ਜੋ ਇਸ ਲੁੱਟ ਖਸੁੱਟ ਦੇ ਨਿਜ਼ਾਮ ਨੂੰ ਖਤਮ ਕਰਨ ਲਈ ਆਪਣਾ ਸਭ ਕੁਝ ਵਾਰ ਰਹੇ ਹਨ ।

ਗੁਰਸ਼ਰਨ ਸਿੰਘ ਵਾਸਤੇ ਪਲਸ ਮੰਚ ਸੂਬਾ ਕਮੇਟੀ

---

## ਪੁਸਤਕ ਪਹਿਚਾਨ

ਐਡਮੰਟਨ (ਕੈਨੇਡਾ) ਵਿਚ ਰਹਿ ਰਹੇ ਕਵੀ **ਸੁਰਿੰਦਰ ਧੰਜਲ** ਦੀ ਕਾਵਿ ਪੁਸਤਕ **ਜ਼ਖਮਾਂ ਦੀ ਫਸਲ** ਜੋ ਅੱਜ ਦੇ ਪੰਜਾਬ ਦੇ ਸੰਦਰਭ ਵਿਚ ਲਿਖੀਆਂ ਗਈਆਂ ਸ਼ਕਤੀਸ਼ਾਲੀ ਕਵਿਤਾਵਾਂ ਦਾ ਸੰਗ੍ਰਹਿ ਹੈ । (ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਮੁੱਲ 5/- ਇਸ ਪੁਸਤਕ ਦੀਆਂ ਚਾਰ ਕਵਿਤਾਵਾਂ)-

### ਅਭੁੱਲ ਵਿਰਸੇ ਦੇ ਪੂਜਕ

ਅੱਜ ਵਿਚੋਂ, ਬੀਤ ਚੁੱਕੇ ਦਾ
ਖੂਬਸੂਰਤ ਪਰਛਾਵਾਂ ਤੱਕਣਾ ਸਾਡੀ ਆਦਤ ਨਹੀਂ
ਬੀਤ ਚੁੱਕੇ ਨੂੰ ਸ਼ਰਧਾਂਜਲੀ ਭੇਟ ਕਰਕੇ ਹੀ
ਸੰਤੁਸ਼ਟ ਹੋ ਜਾਂਦੇ ਹਾਂ—
ਅਭੁੱਲ ਵਿਰਸੇ ਦੇ ਪੂਜਕ ਹਾਂ ਅਸੀਂ !

ਅਸਮਾਨਾਂ 'ਚ ਅਸੀਂ ਕਿਸੇ ਸੂਰਜ ਨੂੰ ਮਿਲਣ ਲਈ ਨਹੀਂ
ਇੱਲ ਦੀ ਮੁਰਦੇਖਾਣੀ ਭੁੱਖ ਵਾਂਗ ਉਡਦੇ ਹਾਂ !
ਬੁਲਬੁਲ ਦੇ ਗੀਤ, ਮੋਰ ਦੀ ਪੈਲ ਅਤੇ ਵਗਦੀ ਪੌਣ—
ਆਕਾਸ਼ ਤੋਂ ਪਤਾਲ ਤੱਕ
ਕਿਸੇ ਵੀ ਰੁਮਕਦੇ ਅਹਿਸਾਸ ਦੇ ਮੱਥੇ
ਲਾ ਸਕਦੇ ਹਾਂ ਸਾਜ਼ਸ਼ੀ ਇਲਜ਼ਾਮ ਦਾ ਟਿੱਕਾ
ਅਸੀਂ ਸ਼ਬਦਾਂ ਦੇ ਝੂਠੇ ਜਾਦੂਗਰ
ਨਾ ਕੁਲਾਵੇਂ ਅੱਖਰ ਹੀ ਸਮਝਦੇ ਹਾਂ
ਨਾ ਪੈਂਤੀ ਦੇ ਗਰਭ 'ਚ ਮਚਲਦਾ ਹੁਸਨ
ਦੱਭ, ਕਾਹੀ ਅਤੇ ਸਰਖੜੇ ਦੇ ਆਸ਼ਕ
ਫੁੱਲ ਵੇਖਣ ਦੇ ਆਦੀ ਨਹੀਂ ਹੁੰਦੇ !

ਅਮਰੀਕਾ ਦੇ ਜ਼ੱਰੇ ਜ਼ੱਰੇ 'ਚੋਂ ਸਾਨੂੰ
ਕਦੇ ਗਦਰੀ ਬਾਬਿਆਂ ਦੇ ਵਤਨ-ਮੋਹ ਦੀ
ਖੁਸ਼ਬੋ ਆਉਂਦੀ ਹੈ
ਕਦੇ ਫਾਂਸੀ ਚੁੰਮਦੇ ਮੇਵਾ ਸਿੰਘ ਦੀ—
ਸ਼ਾਂਤ ਮਹਾਂ ਸਾਗਰ ਦੀਆਂ ਛੱਲਾਂ 'ਚੋਂ ਸਾਨੂੰ
ਕਾਮਾਗਾਟਾਮਾਰੂ ਦੇ ਸਿਰੜ ਦੀ ਖੁਸ਼ਬੋ ਆਉਂਦੀ ਹੈ
ਇਸ ਖੁਸ਼ਬੋ ਨੂੰ ਸ਼ਰਧਾਂਜਲੀ ਭੇਟ ਕਰਕੇ ਹੀ
ਸੰਤੁਸ਼ਟ ਹੋ ਜਾਂਦੇ ਹਾਂ ਅਸੀਂ !
ਪਰਕਾਰਾਂ ਦੇ ਦਾਇਰੇ 'ਚ ਘਿਰੇ ਕੂਕਦੇ ਹਾਂ
ਇਹ ਸਭ ਕੁੱਝ ਤਾਂ ਕੱਲ੍ਹ ਹੀ ਹੋ ਸਕਦਾ ਸੀ—
ਜੂਝਦੇ ਅੱਜ ਚੋਂ ਬਹਾਦਰ ਵਿਰਸੇ ਦੀ

ਫੁਟਦੀ ਕੋਈ ਕਰੂੰਬਲ ਦੇਖ
ਸੜ ਉਠਦੀ ਹੈ ਸਾਡੀ ਵਿੱਦਵੰਤਾ—
ਜੂਝਦੇ ਅੱਜ ਨੂੰ ਕਦੇ ਵੀ
ਕੋਈ ਧੂਹੀ ਦਾ ਸਿਰੋਪਾ ਦੇ ਸਕਦੇ ਹਾਂ—
ਅਭੁੱਲ ਵਿਰਸੇ ਦੇ ਪੂਜਕ ਹਾਂ ਅਸੀਂ !

ਪੁੱਤ ਧੀਆਂ ਦੀਆਂ
ਦਗਦੀਆਂ ਅੱਖਾਂ 'ਤੇ ਪੱਟੀ ਬੰਨ੍ਹਣ ਲਈ
ਅਭੁੱਲ ਵਿਰਸੇ ਦੀ ਕੁਰਬਾਨੀ ਦਾ
ਅੱਧ-ਪਚੱਧਾ ਜ਼ਿਕਰ ਹੀ ਉਗਲਦੇ ਹਾਂ ਅਸੀਂ—
'ਗਦਰ ਦੀ ਗੂੰਜ' 'ਚੋਂ ਪੜ੍ਹੀ ਕਵਿਤਾ
ਕੇਵਲ ਮਾਈਕ ਦੀ ਗੂੰਜ ਹੈ
ਆਤਮਾ ਦੀ ਗੂੰਜ ਨਹੀਂ !

ਭੁੱਲ ਜਾਂਦੇ ਹਾਂ
ਕਿ ਜ਼ਿੰਦਗੀ ਦੀ ਕੁੱਖ ਕਦੇ ਬਾਂਝ ਨਹੀਂ ਹੁੰਦੀ
ਕਿ ਬੀਤ ਰਿਹਾ ਅੱਜ, ਬੀਤ ਚੁੱਕੇ ਦਾ ਹੀ ਪੁੱਤਰ ਹੈ
ਅੱਗ ਵਿਚੋਂ, ਬੀਤ ਚੁੱਕੇ ਦਾ
ਖ਼ੂਬਸੂਰਤ ਪ੍ਰਛਾਵਾਂ ਤੱਕਣਾ ਸਾਡੀ ਆਦਤ ਨਹੀਂ
ਦੱਭ, ਕਾਹੀ ਅਤੇ ਸਰਕੜੇ ਦੇ ਆਸ਼ਕ
ਫੁੱਲ ਵੇਖਣ ਦੇ ਆਦੀ ਨਹੀਂ ਹੁੰਦੇ ।

o

## ਅੱਗ ਕਦੇ ਵੀ ਬਸੰਤਰ ਨਹੀਂ ਹੁੰਦੀ

ਅਸੀਂ ਕਿੰਨੀ ਕੁ ਦੇਰ ਹੋਰ ਸੜਦੇ ਰਹਿਣਾ ਹੈ
ਬਸੰਤਰ ਦੀਆਂ ਲਪਟਾਂ ਵਿਚ

ਅੱਗ ਜਦੋਂ ਨਾਗਾਲੈਂਡ ਅਤੇ ਮੀਜ਼ੋਰਾਮ ਦੇ
ਅਧਨੰਗੇ ਸਰੀਰਾਂ ਨੂੰ ਲੱਗੀ ਸੀ
ਉਦੋਂ ਵੀ ਅੱਗ ਸੀ—
ਅੱਗ ਜਦੋਂ ਬਿਹਾਰ, ਬੰਗਾਲ ਅਤੇ ਆਂਧਰਾ ਦੇ
ਜੰਗਲਾਂ ਨੂੰ ਲੱਗੀ ਸੀ
ਉਦੋਂ ਵੀ ਅੱਗ ਸੀ—
ਅੱਗ ਜਦੋਂ ਗੁਜਰਾਤ ਅਤੇ ਮਹਾਂਰਾਸ਼ਟਰ ਦੇ
ਬਾਜ਼ਾਰਾਂ ਨੂੰ ਲੱਗੀ ਸੀ
ਉਦੋਂ ਵੀ ਅੱਗ ਸੀ—
ਅੱਗ ਜਦੋਂ ਜੰਮੂ ਕਸ਼ਮੀਰ ਦੀਆਂ
ਬਰਫ਼ਾਂ ਨੂੰ ਲੱਗੀ ਸੀ
ਉਦੋਂ ਵੀ ਅੱਗ ਸੀ—
ਅੱਗ ਜਦੋਂ ਆਸਾਮ ਦੇ
ਚਾਹ ਦੇ ਬਾਗਾਂ ਨੂੰ ਲੱਗੀ ਸੀ
ਉਦੋਂ ਵੀ ਅੱਗ ਸੀ—
ਅੱਗ ਜਦੋਂ ਹੁਣ ਪੰਜਾਬ ਦੇ ਪਾਣੀਆਂ ਨੂੰ ਲੱਗੀ ਹੈ
ਹੁਣ ਵੀ ਅੱਗ ਹੈ—
ਅੱਗ ਕੱਲ੍ਹ ਮੰਦਰ ਅਤੇ ਮਸਜਦ ਝੁਲਸ ਰਹੀ ਸੀ
ਅੱਗ ਉਦੋਂ ਵੀ ਅੱਗ ਹੀ ਸੀ—
ਅੱਗ ਅੱਜ ਹਰਮੰਦਰ ਨੂੰ ਝੁਲਸ ਰਹੀ ਹੈ
ਅੱਗ ਹੁਣ ਵੀ ਅੱਗ ਹੀ ਹੈ—
ਅੱਗ ਕੱਲ੍ਹ ਨੂੰ ਬੁੱਧ, ਮਹਾਂਵੀਰ ਜਾਂ ਈਸਾ
ਦੀਆਂ ਮੂਰਤਾਂ ਵੀ ਝੁਲਸਾ ਸਕਦੀ ਹੈ
ਅੱਗ ਉਦੋਂ ਵੀ ਅੱਗ ਹੀ ਹੋਵੇਗੀ—
ਨਾ ਅੱਗ ਦਾ ਕੋਈ ਧਰਮ ਹੁੰਦਾ ਹੈ
ਨਾ ਅੱਗ ਲਾਉਣ ਵਾਲਿਆਂ ਦਾ—
ਹੁਣ ਤਾਂ ਸਾਡਾ ਸੋਚਣਾ ਹੀ ਬਣਦਾ ਹੈ :
ਅੱਗ 'ਚ ਸੜ੍ਹਨ ਵਾਲਿਆਂ ਦਾ ਧਰਮ ਕਿਹੜਾ ਹੁੰਦਾ ਹੈ ?

ਲੁੱਟੀ ਪੁੱਟੀ ਸੋਨ-ਚਿੜੀ ਦੇ ਅੰਗ
ਜਦੋਂ ਵਾਰੀ ਵਾਰੀ ਅੱਗ 'ਚ ਝੁਲਸੇ ਜਾ ਰਹੇ ਹੁਣ
ਹੁਣ ਤਾਂ ਸਾਡਾ ਸੋਚਣਾ ਹੀ ਬਣਦਾ ਹੈ :
ਅੱਗ ਕਿਤੇ ਵੀ ਲੱਗੇ, ਬਸੰਤਰ ਨਹੀਂ ਹੁੰਦੀ

o

## ਅਰਥਾਂ ਦੀ ਵਿਥਿਆ

ਖੇਤ ਦੇ ਅਰਥ ਪੁੱਛਦੇ ਨੇ :
ਹਰਾ ਇਨਕਲਾਬ ਅਤੇ ਪੀਲੇ ਚਿਹਰੇ
ਇਕੋ ਥਾਂ ਕਿਵੇਂ ਉੱਗ ਪੈਂਦੇ ਨੇ ?
ਮੰਡੀ ਨੂੰ ਸੁਸਤ ਤੋਰ ਤੁਰਦੀ
ਬੈਲ-ਗੱਡੀ ਅੱਗੇ ਜੁੜੇ ਬਲਦ
ਨਿੰਮ ਦੇ ਪੱਤੇ ਚਰਦੇ ਹਨ ਜਾਂ ਕਿੱਕਰ ਦੇ ਤੁੱਕੇ ?
ਬੋਰੀਆਂ 'ਚ ਕੈਦ ਕੀਤੇ ਅਰਥਾਂ ਨੂੰ
ਸੇਬੇ ਦੀ ਮੂੰਹ-ਕੜੀ ਲਾਕੇ
ਰੇਲ-ਗੱਡੀ-ਡਬਲ ਰੋਟੀ ਦੇ ਕੋਠਿਆਂ 'ਚ
ਕਿਵੇਂ ਪੁੱਜਦੀ ਹੈ ?
ਖਾਦ ਫੈਕਟਰੀ ਦਾ ਰੰਗ ਨੀਲਾ ਹੈ
ਜਾਂ ਲਾਲ, ਜਾਂ ਭਿੰਨ ਰੰਗ ?

ਇਤਿਹਾਸ ਦੇ ਅਰਥ ਪੁੱਛਦੇ ਨੇ :
ਸ਼ਹੀਦ ਦੇ ਬੁੱਤ ਦਾ ਉਦਘਾਟਨ
ਜੈ-ਮਾਲਾ ਨੇ ਕੀਤਾ ਹੈ—
ਸ਼ਹੀਦ ਦਾ ਉਦਘਾਟਨ ਕਿਸਨੇ ਕੀਤਾ ਸੀ ?
ਕੂਕੇ ਤੋਪ ਦੇ ਅੱਗੇ
ਅਤੇ ਕੂਕਣ ਵਾਲੇ ਤੋਪ ਦੇ ਪਿੱਛੇ ਕਿਉਂ ਖੜ੍ਹਦੇ ਨੇ ?
ਚੋਣ ਨਿਸ਼ਾਨ ਵਾਲਾ ਵੱਛਰਾ
ਅਤੇ ਮੰਦਰ ਅੱਗੇ ਵੱਢ ਕੇ ਸੁੱਟਿਆ ਸਿਰ
ਕੀ ਇਕੋ ਗਊ ਦੇ ਜਾਏ ਨੇ ?

ਭਗਤ ਸਿੰਘ ਅਤੇ ਰਾਜਗੁਰੂ ਦੀ ਫਾਂਸੀ ਦੀ ਰੱਸੀ
ਅੱਧੀ ਭਾਰਤ ਅਤੇ ਅੱਧੀ ਇੰਗਲੈਂਡ 'ਚ ਜੰਮੀ ਸੀ—
ਪਗੜੀ ਅਤੇ ਟੋਪੀ ਨੂੰ
ਭਾਸ਼ਨਾਂ ਦੀਆਂ ਦੋ ਫਾਂਸੀਆਂ 'ਤੇ ਟੰਗਣ ਵਾਲਾ
'ਕੌਣ' 'ਕਿਥੇ' ਜੰਮਿਆ ਹੈ ?
ਸਾਹਿੱਤ ਦੇ ਅਰਥ ਪੁਛਦੇ ਨੇ :
'ਗਦਰ ਦੀ ਗੂੰਜ' ਦਾ ਸੰਪਾਦਕ
ਭਾਈ ਵੀਰ ਸਿੰਘ ਦਾ ਕੀ ਲੱਗਦਾ ਸੀ ?
''ਲੂਣਾ' ਨੂੰ ਸਾਹਿੱਤ-ਅਕਾਦਮੀ ਦਾ ਇਨਾਮ ਮਿਲਿਆ ਹੈ
ਪੂਰਨ ਦੀ ਜੁਆਨੀ, ਇੱਛਰਾਂ ਦੀ ਮਮਤਾ,
ਅਤੇ ਸਲਵਾਨ ਦੀ ਨਿਪੁੰਸਕਤਾ
ਕਿਸ ਵਾਦ ਦੇ ਕਿਹੜੇ ਲੇਖਕ ਦੀ ਅਲਖ ਜਗਾਉਣ ?
ਸੈਂਸਰ ਦੀ ਕੈਂਚੀ-ਭੇਟ ਹੋਈ ਰਚਨਾ ਦਾ
ਆਲੋਚਨਾਤਮਕ ਮੁਲਾਂਕਣ ਕਿਵੇਂ ਹੋਵੇਗਾ ?

ਖੇਤ, ਇਤਿਹਾਸ ਅਤੇ ਸਾਹਿੱਤ ਦੇ ਅਰਥ
ਖਾਦਾਂ, ਯਾਦਾਂ ਅਤੇ ਵਾਦਾਂ ' ਪਰੋਸਕੇ
ਮੇਜ਼ਾਂ 'ਤੇ ਸਜਾਉਣ ਲਈ ਨਹੀਂ ਹੁੰਦੇ...

ਅਰਥਾਂ ਦੀ ਵਿੱਖਿਆ ਦੇ ਅਰਥ ਪੁੱਛਦੇ ਹਨ :
ਕੀ ਇਹ ਕਵਿਤਾ ਮਹਿਜ਼ ਇੱਕ ਕਵਿਤਾ ਹੈ ?

o

## ਏਥੇ ਓਥੇ

ਏਥੇ ਹੋਈਏ ਜਾਂ ਓਥੇ
ਸ਼ਬਦਾਂ ਦੇ ਅਰਥ ਤਾਂ
ਹਰ ਜਗ੍ਹਾ ਹੀ ਢੂੰਡਣੇ ਪੈਂਦੇ ਨੇ
ਉਧਾਰੇ ਲਏ ਬੌਣੇ ਅਰਥ
ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗਲਾਸ ਵਾਂਗ—
ਟੁੱਟ ਫੁੱਟ ਜਾਂਦੇ ਨੇ
ਆਪਣੇ ਹੀ ਬੇਮੰਜ਼ਲੇ ਸਫ਼ਰ ਦੇ ਪੈਰਾਂ ਹੇਠ

ਏਥੇ ਹੋਈਏ ਜਾਂ ਓਥੇ
ਦਿਨ ਰਾਤ ਇੱਕੋ ਤਰ੍ਹਾਂ ਸੌਂਦੇ ਜਾਗਦੇ ਨੇ
ਪੂਰਬ ਦੀ ਸਿਤਾਰ ਹੈ ਜਾਂ ਪੱਛਮ ਦੀ ਗਿਟਾਰ
ਜ਼ਿੰਦਗੀ ਦਾ ਸੰਗੀਤ ਫ਼ਿਜ਼ਾ 'ਚ ਉਵੇਂ ਹੀ ਨੱਚਦਾ ਹੈ
ਪਿੰਡਾਂ 'ਚ ਨੰਗ ਧੜੰਗੇ ਬੱਚੇ ਓਵੇਂ ਹੀ ਖੇਡਦੇ ਨੇ
ਘਰਾਂ 'ਚ ਓਵੇਂ ਹੀ ਵੱਸਦੀ ਹੈ
ਸ਼ਾਂਤ ਵਗਦੇ ਪਾਣੀ ਜਿਹੇ ਅਮਨ ਦੀ ਤਮੰਨਾ
ਪਹਾੜ ਅਤੇ ਜੰਗਲ ਓਵੇਂ ਹੀ ਵਿਗਸਦੇ ਨੇ
ਬਰਫ਼ ਹਰ ਥਾਂ ਠੰਢੀ ਹੈ ਤੇ ਲਹੂ ਲਾਲ ਸੁਰਖ਼

ਏਥੇ ਹੋਈਏ ਜਾਂ ਓਥੇ
ਪੰਡਤ ਤੇ ਪਾਦਰੀ ਦੇ ਫੁਰਮਾਨਾਂ ਦੀ ਨੁਹਾਰ
ਬੈਂਕ ਦੀ ਕਾਪੀ ਹੀ ਨਿਸ਼ਚਿਤ ਕਰਦੀ ਹੈ—
ਜ਼ਾਤ ਪਾਤ ਤੇ ਨਸਲਵਾਦ ਇੱਕੋ ਮਾਂ ਦੇ ਜੌੜੀ ਪੁੱਤਰ ਨੇ
ਸੁਨਹਿਰੀ ਸ਼ਬਦ ਜਾਲ 'ਚ ਲਪੇਟੇ ਜੰਗੀ ਬਿਗਲ ਲਈ
ਇੱਕ ਹੀ ਨੇ ਦਿੱਲੀ ਲਾਹੌਰ ਓਟਾਵਾ ਤੇ ਵਾਸ਼ਿੰਗਟਨ—
ਧਰਤੀ ਤੋਂ ਤੱਤੀ ਹਵਾ ਦਾ ਕੋਈ ਬੁੱਲਾ ਉੱਠੇ,
ਮਹਾਂ-ਨਗਰੀ-ਇਮਾਰਤਾਂ ਦੇ ਦਿਸ਼ਾ ਸੂਚਕ ਯੰਤਰ
ਹਰ ਥਾਂ ਤੇਜ਼ੀ ਨਾਲ ਹਿਲਦੇ ਨੇ
ਸ਼ਹੀਦਾਂ ਲਈ ਗੋਲੀ ਹੈ ਜਾਂ ਬਿਜਲੀ ਦੀ ਕੁਰਸੀ
ਸ਼ਹੀਦ ਦੇ ਬੁੱਤ ਲਈ ਬੇਹੇ ਫੁੱਲਾਂ ਦੇ ਹਾਰ ਨੇ
ਜਾਂ ਸ਼ਰਧਾਂਜਲੀ ਦੇ ਮਗਰਮੱਛੀ ਹੰਝੂ

ਏਥੇ ਓਥੇ ਬੰਦੇ ਓਵੇਂ ਹੀ ਉੱਗਦੇ ਨੇ
ਕੁਝ ਮਸਲੇ ਘਾਹ ਦੀਆਂ ਪੱਤੀਆਂ ਵਰਗੇ
ਕੁਝ ਬੁੱਢੇ ਸਹਿਨਸ਼ੀਲ ਬ੍ਰਿਛਾਂ ਵਰਗੇ
ਕੁਝ ਹਵਾ 'ਚ ਉਗਦੇ ਸੁੱਕੇ ਪੱਤਰਾਂ ਵਰਗੇ
ਕੁਝ ਕੰਡਿਆਂ ਦੀ ਸੇਜ 'ਤੇ ਮਹਿਕਦੇ ਫੁੱਲਾਂ ਵਰਗੇ
ਕੁਝ ਮੌਸਮੀ ਸ਼ਬਦ ਕੋਸ਼ਾਂ ਦੇ ਪੰਨਿਆਂ ਵਰਗੇ
ਜੋ ਜ਼ਿੰਦਗੀ, ਮੌਤ ਤੇ ਸੁਤੰਤਰਤਾ ਦੇ ਅਰਥ
ਹਵਾ ਦਾ ਰੁਖ ਵੇਖਕੇ ਸਿਰਜਦੇ ਨੇ
ਕਲਾ ਅਤੇ ਵਫ਼ਾ ਦੀ ਪਰਿਭਾਸ਼ਾ ਰੋਜ਼ ਨਵੀਂ ਘੜਦੇ ਨੇ

ਏਥੇ ਹੋਈਏ ਜਾਂ ਓਥੇ
ਸ਼ਬਦਾਂ ਦੇ ਅਰਥ ਤਾਂ
ਹਰ ਜਗ੍ਹਾ ਹੀ ਢੂੰਡਣੇ ਪੈਂਦੇ ਨੇ
ਫ਼ਿਜ਼ਾ 'ਚ ਤਰਦੇ ਸੰਗੀਤ ਦੀਆਂ ਵੱਖ ਵੱਖ ਧੁਨੀਆਂ 'ਚੋਂ
ਸ਼ਬਦਕੋਸ਼ ਦੇ ਪੰਨਿਆਂ ਦੀ ਖੜ ਖੜ ਚੋਂ...
ਮਿੱਟੀ 'ਚ ਉੱਗੇ ਜਿਸਮਾਂ ਦੀਆਂ ਕਿਸਮਾਂ 'ਚੋਂ...

o

---

**ਨੋਟ :** ਸਮਤਾ ਦੇ ਜੂਨ ਅੰਕ ਵਿਚ ਅਸੀਂ ਉਹਨਾਂ ਤਿੰਨ ਪੁਸਤਕਾਂ ਬਾਰੇ ਪਹਿਚਾਣ ਕਰਵਾ ਰਹੇ ਹਾਂ ਜਿਨ੍ਹਾਂ ਬਾਰੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਉਹ ਬਰਤਾਨੀਆ ਅਤੇ ਕੈਨੇਡਾ ਵਿਚ ਵੱਸਦੇ ਕਵੀਆਂ ਦੀ ਇਤਹਾਸਕ ਨੁਮਾਇੰਦਗੀ ਕਰਦੀਆਂ ਹਨ।

1. ਆਪਣੇ ਆਪ ਤੋਂ ਦੂਰ – ਸੰਪਾਦਕ ਅਮਰਜੀਤ ਚੰਦਨ
2. ਲੋਕ ਸੱਥ – ਸੰਪਾਦਕ ਸੁਖਦੇਵ ਸਿੱਧੂ
3. ਜੰਗਲ ਦੇ ਵਿਰੁੱਧ – ਸੰਪਾਦਕ ਸਾਧੂ ਤੇ ਸੁਖਪਾਲ

oo

---

# ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਾਂ ਦੀ ਅਜੋਕੀ ਪਰਸੰਗਕਤਾ

**ਚਰਨ ਗਿੱਲ**

ਡੈਮੋਕਰੇਟਿਕ ਪੀਪਲਜ਼ ਫਰੰਟ, ਮਾਨਸਾ ਵਲੋਂ 30 ਮਾਰਚ ਨੂੰ ਮਾਨਸਾ ਵਿਖੇ ਰੈਡੀਕਲ ਪਬਲੀਕੇਸ਼ਨਜ਼, ਮੋਗਾ ਵਲੋਂ ਪ੍ਰਕਾਸ਼ਤ 'ਸ਼ਹੀਦ ਭਗਤ ਸਿੰਘ ਤੇ ਉਹਦੇ ਸਾਥੀਆਂ ਦੀਆਂ ਲਿਖਤਾਂ' ਪੁਸਤਕ ਉਪਰ ਇਕ ਗੋਸ਼ਟੀ ਹੋਈ। ਇਸ ਗੋਸ਼ਟੀ ਦੀ ਪ੍ਰਧਾਨਗੀ ਹੰਸਰਾਜ ਰਹਿਬਰ ('ਗਾਂਧੀ ਬੇਨਕਾਬ' ਵਰਗੀਆਂ ਲਿਖਤਾਂ ਦੇ ਲਿਖਣ ਵਾਲੇ ਇਨਕਲਾਬੀ ਵਿਅਕਤੀ), 'ਸਾਡਾ ਜੁੱਗ' ਦੇ ਸੰਪਾਦਕ ਚਰਨ ਗਿੱਲ, ਜਮਹੂਰੀ ਅਧਿਕਾਰ ਸਭਾ ਦੇ ਹਰੀ ਸਿੰਘ ਤਰਕ, ਰੈਸ਼ਨਲਿਸਟ ਸੋਸਾਇਟੀ ਦੇ ਮੇਘ ਰਾਜ ਮਿੱਤਰ ਤੇ ਡੈਮੋਕਰੇਟਿਕ ਪੀਪਲਜ਼ ਫਰੰਟ ਮਾਨਸਾ ਦੇ ਸ੍ਰੀ ਵਾਸਦੇਵ ਤੇ ਅਧਾਰਤ ਪੰਜ ਮੈਂਬਰੀ ਪ੍ਰਧਾਨਗੀ ਮੰਡਲ ਨੇ ਕੀਤੀ। ਇਹ ਗੋਸ਼ਟੀ ਇਸ ਲਈ ਇਤਿਹਾਸਕ ਮਹੱਤਤਾ ਰੱਖਦੀ ਹੈ, ਕਿਉਂਕਿ ਇਸ ਵਿਚ ਭਾਗ ਲੈਣ ਵਾਲੇ ਸਰੋਤੇ ਤੇ ਬੁਲਾਰੇ ਸਿਰਫ ਇਸ ਲਈ ਇਕੱਠੇ ਹੋਏ ਸਨ ਕਿ ਉਹ ਭਗਤ ਸਿੰਘ ਤੇ ਉਹਦੇ ਸਾਥੀਆਂ ਦੇ ਕੰਮ ਅਤੇ ਲਿਖਤਾਂ ਉਤੇ ਇਕ ਪੜਚੋਲਵੀਂ ਬਹਿਸ ਕਰ ਸਕਣ ਤੇ ਅੱਜ ਦੀ ਖੱਬੀ ਲਹਿਰ ਨੂੰ ਦਰਪੇਸ਼ ਮਸਲਿਆਂ ਬਾਰੇ ਕੁਝ ਹਲ ਲੱਭ ਸਕਣ। ਇਸ ਗੋਸ਼ਟੀ ਵਿਚ ਪਹਿਲੇ ਹੰਸ ਰਾਜ ਰਹਿਬਰ ਹੋਰਾਂ ਦਾ ਪੇਪਰ ਪੜ੍ਹਿਆ ਗਿਆ। ਇਸ ਦਾ ਹਿੰਦੀ ਰੂਪ, 'ਭਗਤ ਸਿੰਘ ਵਿਚਾਰਧਾਰਾ ਔਰ ਉਸਕੀ ਪਰਾਸੰਗਕਤਾ' ਇਕ ਪੈਂਫਲਿਟ ਦੇ ਰੂਪ ਵਿਚ ਸਾਡੇ ਸਾਹਮਣੇ ਹੈ। (ਇਸਦੇ ਸਮਤਾ ਵਿਚ ਛਪਣ ਦੀ ਪੰਜਾਬੀ ਅਨੁਵਾਦ ਦੀ ਸਾਨੂੰ ਉਡੀਕ ਹੈ) ਇਸ ਪੇਪਰ ਵਿਚ ਹੰਸਰਾਜ ਰਹਿਬਰ ਨੇ ਭਗਤ ਸਿੰਘ ਨੂੰ ਸਵਾਮੀ ਵਿਵੇਕਾਨੰਦ ਤੋਂ ਬਾਅਦ ਭਾਰਤ ਦਾ ਮਹਾਨ ਦਾਰਸ਼ਨਿਕ ਦਰਸਾਇਆ। ਪਰਚੇ ਵਿਚ ਇਹ ਅਹਿਮ ਸੰਵਾਲ ਉਠਾਇਆ ਗਿਆ ਕਿ ਕਮਿਊਨਿਸਟ ਅੰਦੋਲਨ ਦੀ ਸਭ ਤੋਂ ਵੱਡੀ ਖਾਮੀ ਇਹੀ ਸੀ ਕਿ ਉਹ (ਕਮਿਊਨਿਸਟ ਪਾਰਟੀਆਂ) ਸ਼ੁਰੂ ਤੋਂ ਹੀ ਰਾਸ਼ਟਰੀਅਤ ਨੂੰ ਨਕਾਰ ਕੇ ਅੰਤਰ-ਰਾਸ਼ਟਰੀ ਬਣ ਗਈਆਂ ਤੇ ਹੁਣ ਤੱਕ ਬਣੀਆਂ ਹੋਈਆਂ ਹਨ ਤੇ ਆਪਣੇ ਸਮਾਜ ਦੇ ਅਧਿਅਨ ਦੀ ਜ਼ਰੂਰਤ ਨੂੰ ਉਹਨਾਂ ਨੇ ਨਹੀਂ ਸਮਝਿਆ। ਪੇਪਰ ਵਿਚ ਉਹਨਾਂ ਕਿਹਾ ਕਿ ਅੱਜ ਦੀ ਸਹੀ ਇਨਕਲਾਬੀ ਪਾਰਟੀ ਉਹੀ ਹੋਵੇਗੀ; ਜੋ ਮਾਰਕਸਵਾਦ, ਲੈਨਿਨਵਾਦ, ਮਾਓਵਾਦ ਦੇ ਨਾਲ ਨਾਲ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਪਣਾ ਕੇ ਸਿਧਾਂਤ ਬਣਾਵੇਗੀ। **ਮਤਲਬ ਇਹ ਕਿ ਮਾਰਕਸਵਾਦ ਦਾ ਭਾਰਤੀ ਰੂਪ ਦਾ ਨਾਂ ਹੀ ਭਗਤ ਸਿੰਘ ਵਿਚਾਰਧਾਰਾ ਹੈ।**

ਮੇਰਾ ਹੰਸਰਾਜ ਰਹਿਬਰ ਦੀ ਇਸ ਧਾਰਨਾ ਨਾਲ ਬੁਨਿਆਦੀ ਮਤਭੇਦ ਹੈ। ਭਗਤ ਸਿੰਘ ਦੀਆਂ ਸਮੁੱਚੀਆਂ ਲਿਖਤਾਂ ਦਾ ਅਧਿਐਨ ਕਰੀਏ ਤਾਂ ਉਹਨਾਂ ਵਿਚ ਰਾਸ਼ਟਰਵਾਦ ਦੇ ਮਸਲੇ ਤੇ ਕਾਫ਼ੀ ਘਚੋਲਾ ਹੈ ਤੇ ਇਹ ਕੁਦਰਤੀ ਹੈ। ਉਸ ਵੇਲੇ ਵੱਡਾ ਕੰਮ ਅੰਗਰੇਜ਼ ਸਾਮਰਾਜ ਦੇ ਵਿਰੁੱਧ ਅੰਦੋਲਨ ਸੀ ਤੇ ਇਸ ਅੰਦੋਲਨ ਵਿਚ ਕਿਹੜੇ ਦਾਓ ਪੇਚ ਵਰਤੇ ਜਾਣ, ਇਹ ਵੱਡੀ ਬਹਿਸ ਸੀ। ਹਿੰਸਕ ਜਾਂ ਅਹਿੰਸਕ ਕਾਰਵਾਈਆਂ ਏਜੰਡਾ ਤੇ ਸਨ। ਅਜ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਾਤ ਐਸੇ ਹਨ (ਸੰਸਾਰ ਜੰਗ ਅਤੇ ਕਿਸੇ ਦੇਸ਼ ਦੀ ਲੁਟ ਖਸੁੱਟ ਦਾ ਖਾਸਾ ਬਹੁ-ਕੌਮੀ ਕੰਪਨੀਆਂ ਰਾਹੀਂ ਰਾਸ਼ਟਰੀ ਤੋਂ ਅੰਤਰ-ਰਾਸ਼ਟਰੀ ਹੋ ਜਾਣਾ) ਜਿਨ੍ਹਾਂ ਦੇ ਵਿਸ਼ਲੇਸ਼ਣ ਲਈ ਭਗਤ ਸਿੰਘ ਤੇ ਉਹਦੇ ਸਾਥੀਆਂ ਦੀਆਂ ਲਿਖਤਾਂ ਮਾਰਗ-ਦਰਸ਼ਕ ਦਾ ਦਰਜਾ ਹਾਸਿਲ ਕਰਨ ਲਈ ਬਿਲਕੁਲ ਨਾਕਾਫ਼ੀ ਹਨ। ਸਵਾਮੀ ਵਿਵੇਕਾ ਨੰਦ ਦੇ ਪੜ੍ਹਨ ਨਾਲੋਂ ਅੱਜ ਦੇ ਦੁਨੀਆ ਦੇ ਮਾਰਕਸਵਾਦੀ ਬੁਧੀਜੀਵਾਂ ਦੀਆਂ ਲਿਖਤਾਂ ਪੜ੍ਹਣੀਆਂ ਵੱਧ ਜ਼ਰੂਰੀ ਹਨ। ਸਾਡੇ ਕੋਲ ਬਹੁਤ ਸੀਮਤ ਸਮਾਂ ਹੈ। ਇਤਿਹਾਸ ਕੋਲੋਂ ਸਿੱਖੋ ਦੀ ਥਾਂ ਤੇ 'ਵਰਤਮਾਨ ਨੂੰ ਪੜ੍ਹੋ' ਬਹੁਤੀ ਸਾਰਥਕ ਗੱਲ ਹੈ।

ਅੱਜ ਜੋ ਕੁਝ ਵਿਚਰ ਰਿਹਾ ਹੈ, ਉਹ ਬਿਲਕੁਲ ਹੀ ਨਵਾਂ ਇਤਿਹਾਸ ਹੈ। ਨਵੀਆਂ ਮਾਰੂ ਤੇ ਉਸਾਰੂ ਸ਼ਕਤੀਆਂ ਹੋਂਦ ਵਿਚ ਆ ਗਈਆਂ ਹਨ। ਅੱਜ ਉਹਨਾਂ ਦਾ ਵਿਸ਼ਲੇਸ਼ਣ ਅੱਜ ਦੀ ਸੂਝ ਨਾਲ ਹੀ ਕੀਤਾ ਜਾ ਸਕਦਾ ਹੈ। ਅੱਜ ਦੀ ਮਨੁੱਖਤਾ ਨੂੰ ਨਾ ਹੀ ਧਰਮਾਂ ਦੀ ਅਤੇ ਨਾ ਹੀ ਪੁਰਾਣੇ ਦਾਰਸ਼ਨਿਕਾਂ ਦੀਆਂ ਲਿਖਤਾਂ ਦੀ ਲੋੜ ਹੈ ਧਾਰਮਕ ਜਨੂੰਨ ਨੇ ਸਿਰ ਚੁੱਕਿਆ ਹੋਇਆ ਹੈ। ਇਹਦਾ ਮੁਕਾਬਲਾ ਇਹ ਕਹਿਕੇ ਨਹੀਂ ਕੀਤਾ ਜਾ ਸਕਦਾ 'ਗੁਰੂ ਗੋਬਿੰਦ ਸਿੰਘ ਨੇ ਕਦੀ ਨਿਹੱਥਿਆਂ ਜਾਂ ਮਾਸੂਮਾਂ ਉਤੇ ਤਲਵਾਰ ਨਹੀਂ ਸੀ ਚੁੱਕੀ' ਜਾਂ 'ਮਿਹਨਤਕਸ਼ ਤਬਕੇ ਨੂੰ ਜਥੇਬੰਦ ਕਰਕੇ ਹੀ ਇਸਦਾ ਮੁਕਾਬਲਾ ਕੀਤਾ ਜਾ ਸਕਦਾ ਹੈ' ਆਦਿਕ। ਇਹਨਾਂ ਦੋਨਾਂ ਪਹੁੰਚਾਂ ਦਾ ਕੋਈ ਨਤੀਜਾ ਨਹੀਂ ਨਿਕਲਣਾ। ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਲਵਾਂਗੇ ਤਾਂ ਇਸਨੂੰ ਸਿਖ ਸ਼ਾਵਨਵਾਦੀ ਆਪਣੇ ਪੱਖ ਵਿਚ ਵਰਤਣਗੇ, ਜਿਸ ਤਰ੍ਹਾਂ ਸਵਾਮੀ ਵਿਵੇਕਾ ਨੰਦ ਜੀ ਦਾ ਨਾਂ ਲਵਾਂਗੇ ਤਾਂ ਇਸਨੂੰ ਹਿੰਦੂ ਸ਼ਾਵਨਵਾਦੀ ਆਪਣੇ ਪੱਖ ਵਿਚ ਵਰਤਣਗੇ। ਇਹਨਾਂ ਮਹਾਨ ਸ਼ਖਸੀਅਤਾਂ ਦਾ ਅਸੀਂ ਸਤਿਕਾਰ ਕਰਦੇ ਹਾਂ, ਇਹਨਾਂ ਦੀ ਆਪਣੇ ਵੇਲੇ ਇਤਿਹਾਸਕ ਦੇਣ ਨੂੰ ਵੀ ਅਸੀਂ ਸਵੀਕਾਰ ਕਰਦੇ ਹਾਂ, ਪਰ ਜੇ ਇਹ ਕਹੀਏ ਕਿ ਅੱਜ

ਦੀ ਪ੍ਰਸੰਗਕਤਾ ਵਿਚ ਅਸੀਂ ਇਹਨਾਂ ਦੇ ਫ਼ਰਮਾਨਾਂ ਦੀ ਵਰਤੋਂ ਕਰ ਸਕਨੇ ਹਾਂ ਤਾਂ ਇਹ ਐਵੇਂ ਘੋਂਰੂ ਪਾਣ ਵਾਲੀ ਗੱਲ ਹੋਵੇਗੀ। ਇਹ ਵੀ ਕਿਹਾ ਜਾਂਦਾ ਹੈ ਕਿ ਸਿਰਫ਼ ਮਜ਼ਦੂਰ ਜਮਾਤ ਹੀ ਫਿਰਕਾਪ੍ਰਸਤੀ ਜਾਂ ਧਾਰਮਕ ਜਨੂੰਨ ਦਾ ਮੁਕਾਬਲਾ ਕਰ ਸਕਦੀ ਹੈ, ਬੜੀ ਗ਼ੈਰਯਥਾਰਥਕ ਹੈ। ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਹੁਣ ਤਕ ਆਰਥਕਵਾਦ ਦਾ ਏਨਾ ਕੁ ਸ਼ਿਕਾਰ ਹੋ ਚੁੱਕੀਆਂ ਹਨ ਕਿ ਉਹ ਕੋਈ ਵੀ ਸਮਾਜਕ ਸੰਕਟ ਦਾ ਚੈਲੰਜ ਕਬੂਲ ਕਰਨ ਦੇ ਯੋਗ ਨਹੀਂ। ਸਿਸਟਮ ਦੀ ਭ੍ਰਿਸ਼ਟਤਾ ਉਹਨਾਂ ਨੂੰ ਵੀ ਸਿਉਂਕ ਗਈ ਹੈ। ਅੱਜ ਦਾ ਚੈਲਿੰਜ ਸਿਰਫ਼ ਤਰਕਸ਼ੀਲਤਾ ਨਾਲ ਹੀ ਕਬੂਲ ਕੀਤਾ ਜਾ ਸਕਦਾ ਹੈ। ਮਾਰਕਸਵਾਦ ਇਸੇ ਤਰਕਸ਼ੀਲਤਾ ਦਾ ਫਲਸਫ਼ਾ ਹੈ। ਇਸਦੀ ਪਰਸੰਗਕਤਾ ਵੀ ਇਸੇ ਪਹੁੰਚ ਨਾਲ ਹੋਣੀ ਚਾਹੀਦੀ ਹੈ। ਬਹੁਤੀ ਵਾਰੀ ਅਸੀਂ ਇਸਨੂੰ ਲਾਗੂ ਕਰਨ ਲੱਗਿਆਂ ਆਪ ਵੀ ਸ਼ਾਵਨਵਾਦ ਦਾ ਸ਼ਿਕਾਰ ਹੋ ਜਾਂਦੇ ਹਾਂ। ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ। ਇਨਕਲਾਬੀ ਵਿਚਾਰਧਾਰਾ ਦੇ ਲੋਕਾਂ ਦੀ ਭਗਤ ਸਿੰਘ ਵੱਲ ਪਹੁੰਚ ਵੀ ਕਈ ਵਾਰ ਇਸੇ ਰੋਗ ਦਾ ਸ਼ਿਕਾਰ ਹੁੰਦੀ ਹੈ। ਸਾਨੂੰ ਆਪਣੇ ਭਗਤ ਸਿੰਘ ਨੂੰ ਬੜੀ ਇਹਤਿਆਤ ਨਾਲ ਕਾਇਮ ਰੱਖਣਾ ਚਾਹੀਦਾ ਹੈ। ਉਹਦੀਆਂ ਲਿਖਤਾਂ ਦਾ ਪੜਚੋਲਵਾਂ ਅਧਿਐਨ ਜ਼ਰੂਰੀ ਹੈ।

ਇਸ ਮੁਢਲੀ ਟਿੱਪਣੀ ਦੇ ਬਾਅਦ ਅਸੀਂ ਆਪਣੇ ਪਾਠਕਾਂ ਲਈ ਚਰਨ ਗਿੱਲ ਵਲੋਂ ਇਸ ਗੋਸ਼ਟੀ ਤੇ ਪੜ੍ਹਿਆ ਪਰਚਾ ਮੂਲ ਰੂਪ ਵਿਚ ਪੇਸ਼ ਕਰ ਰਹੇ ਹਾਂ।

—ਸੰਪਾਦਕ

---

ਲੈਨਿਨ ਉਹ ਪਹਿਲਾ ਵਿਅਕਤੀ ਸੀ, ਜਿਸਨੇ ਵੀਹਵੀਂ ਸਦੀ ਦੇ ਐਨ ਸ਼ੁਰੂ ਵਿਚ ਹੀ ਮਨੁੱਖਤਾ ਦੀ ਪਰਗਤੀ ਦੀ ਇਕ ਨਵੀਂ ਮਹੱਤਵਪੂਰਨ ਸ਼ਕਤੀ ਪੂਰਬ ਦੀਆਂ ਗੁਲਾਮ ਕੌਮਾਂ ਦੀ ਸਾਮਰਾਜ-ਵਿਰੋਧੀ ਮੁਕਤੀ ਲਹਿਰ ਵਿਚ ਵੇਖ ਲਈ ਸੀ। ਸੁਭਾਵਕ ਹੀ ਭਾਰਤ ਨੇ ਸਭ ਤੋਂ ਵੱਧ ਲੈਨਿਨ ਦਾ ਧਿਆਨ ਖਿੱਚਿਆ ਕਿਉਂਕਿ ਇਹ ਮਹਾਨ ਦੇਸ਼ ਸਭ ਤੋਂ ਪਹਿਲਾਂ ਬਸਤੀਵਾਦ ਦਾ ਸ਼ਿਕਾਰ ਬਣੇ ਅਤੇ ਸਭ ਤੋਂ ਪਹਿਲਾਂ ਸਾਮਰਾਜ ਦੇ ਖ਼ਿਲਾਫ਼ ਘੋਲ ਲਈ ਉਠ ਖੜੇ ਦੇਸ਼ਾਂ ਵਿਚੋਂ ਇਕ ਸੀ। ਲੈਨਿਨ ਨੇ ਭਾਰਤ ਦੀ ਸਥਿਤੀ ਨੂੰ ਸਮਝਣ ਵਿਚ ਬੇਹੱਦ ਰੁਚੀ ਦਰਸਾਈ ਅਤੇ ਅਜਿਹੇ ਸਮੇਂ ਭਾਰਤ ਵਿਚ ਬਸਤੀਵਾਦੀ ਹਕੂਮਤ ਦੇ ਪਤਨ ਦੀ ਭਰੋਸੇ-ਭਰੀ ਪੇਸ਼ੀਨਗੋਈ ਕੀਤੀ, ਜਦੋਂ ਇਹ ਹਕੂਮਤ ਅਹਿੱਲ ਜਾਪਦੀ ਸੀ। ਉਸ ਸਮੇਂ ਜਦੋਂ ਅਜੇ ਮਜ਼ਦੂਰ ਜਮਾਤ ਅਤਿਅੰਤ ਨਿਆਣੇ ਪੜਾਅ ਉਤੇ ਸੀ ਅਤੇ ਜਥੇਬੰਦ ਕੌਮੀ-ਮੁਕਤੀ ਲਹਿਰ ਨੇ ਅਜੇ ਜਨਤਕ ਲਹਿਰ ਦਾ ਰੂਪ ਧਾਰਨਾ ਸ਼ੁਰੂ ਹੀ ਕੀਤਾ ਸੀ, ਲੈਨਿਨ ਦੀ ਇਸ ਦੂਰ-ਦਰਿਸ਼ਟੀ ਦਾ ਯਥਾਰਥਕ ਆਧਾਰ ਸੀ, ਉਸਦੀ ਆਪਣੀ ਇਨਕਲਾਬੀ ਸਰਗਰਮੀ ਤੇ ਉਸਦੀ ਅਗਵਾਈ ਵਿਚ ਹੋਇਆ ਜੇਤੂ ਅਕਤੂਬਰ ਇਨਕਲਾਬ ਜੋ ਏਸ਼ੀਆ ਦੀ ਮੁਕਤੀ ਅਤੇ ਜਾਗਰਤੀ ਨੂੰ, ਖ਼ਾਸ ਕਰਕੇ ਭਾਰਤ ਦੀ ਆਜ਼ਾਦੀ ਨੂੰ ਨੇੜੇ ਲਿਆ ਰਿਹਾ ਸੀ। ਜੇਤੂ ਪਰੋਲੇਤਾਰੀ ਇਨਕਲਾਬ ਅਤੇ ਕੌਮੀ ਮੁਕਤੀ ਲਹਿਰਾਂ ਦੇ ਗੱਠਜੋੜ ਰਾਹੀਂ ਅੰਗੜਾਈ ਲੈਣ ਵਾਲੀ ਅਥਾਹ ਇਨਕਲਾਬੀ ਸ਼ਕਤੀ ਨੂੰ ਲੈਨਿਨ ਨੇ ਭਲੀਭਾਂਤ ਅਗਾਊਂ ਪਛਾਣ ਲਿਆ ਸੀ।

ਸਮਾਜਵਾਦੀ ਇਨਕਲਾਬ ਦਾ ਭਾਰਤੀ ਲੋਕਾਂ, ਅਖ਼ਬਾਰਾਂ ਅਤੇ ਕੌਮੀ ਆਗੂਆਂ ਨੇ ਸਵਾਗਤ ਕੀਤਾ। ਉਹਨਾਂ ਨੇ ਰੂਸ ਦੇ ਲੋਕਾਂ ਦੀ ਜਿੱਤ ਨੂੰ ਉਥੋਂ ਦੀ ਮਜ਼ਦੂਰ ਜਮਾਤ ਅਤੇ ਕਿਸਾਨੀ ਦੀ ਜਿੱਤ ਦੇ ਤੌਰ ਤੇ ਸਮਝਿਆ। ਸਮਾਜਵਾਦੀ ਇਨਕਲਾਬ ਨੇ ਉਹਨਾਂ ਦੀ ਆਸ ਨੂੰ ਤਕੜਾ ਕੀਤਾ ਕਿ ਜੇ ਸ਼ਕਤੀਸ਼ਾਲੀ ਜ਼ਾਰ ਨੂੰ ਰੂਸ ਦੇ ਲੋਕ ਹਰਾ ਸਕਦੇ ਹਨ ਤਾਂ ਉਹ ਵੀ ਬਰਤਾਨਵੀ ਸਾਮਰਾਜ ਨੂੰ ਹਰਾਕੇ ਦੇਸ਼ ਆਜ਼ਾਦ ਕਰਾ ਸਕਦੇ ਹਨ। ਬਰਤਾਨਵੀ ਹਾਕਮ, ਰੂਸ ਵਿਚ ਸਮਾਜਵਾਦੀ ਇਨਕਲਾਬ ਦੇ ਕੌਮਾਂਤਰੀ ਮਹੱਤਵ ਤੇ ਮੁਕਤੀ ਲਈ ਜੂਝ ਰਹੀਆ ਕੌਮਾਂ ਉਤੇ ਇਸਦੇ ਪੈਣ ਵਾਲੇ ਜ਼ਬਰਦਸਤ ਪਰਭਾਵ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਇਸ ਲਈ ਉਹਨਾਂ ਦੇ ਪੱਖੀ ਅਖ਼ਬਾਰਾਂ ਤੇ ਏਜੰਸੀਆਂ ਨੇ ਇਨਕਲਾਬ ਸਬੰਧੀ ਝੂਠੀ ਜਾਣਕਾਰੀ ਫੈਲਾਉਣ ਲਈ ਜ਼ੋਰ ਲਾਇਆ। ਪਰ ਕੌਮੀ ਘੁਲਾਟੀਏ ਇਸ ਝੂਠੀ ਜਾਣਕਾਰੀ ਦੁਆਰਾ ਗੁਮਰਾਹ ਨਹੀਂ ਹੋਏ। ਸਗੋਂ ਇਨਕਲਾਬ ਦੇ ਸੱਚੇ ਸੰਦੇਸ਼ ਸੁਣਦਿਆਂ ਉਹ ਵਧ ਰਹੇ ਉਤਸ਼ਾਹ ਨਾਲ ਅੱਗੇ ਵਧਣ ਲੱਗੇ। ਕੌਮੀ ਮੁਕਤੀ ਦੀਆਂ ਲਗਭਗ ਸਾਰੀਆਂ ਧਾਰਾਵਾਂ ਨੂੰ ਇਨਕਲਾਬ ਨੇ ਪਰਭਾਵਤ ਕੀਤਾ। ਭਾਰਤੀ ਇਨਕਲਾਬੀਆਂ ਉਤੇ ਵੀ ਵੱਡਾ ਪ੍ਰਭਾਵ ਪਿਆ ਤੇ ਉਹ ਸਮਝਣ ਲੱਗੇ ਕਿ ਰੂਸ ਦੀ ਆਜ਼ਾਦੀ ਸਾਰੀ ਦੁਨੀਆਂ ਨੂੰ ਆਜ਼ਾਦ ਕਰਨ ਅਤੇ ਲੁਟ-ਖਸੁੱਟ ਦਾ ਅੰਤ ਕਰਨ ਵਿਚ ਸਹਾਇਕ ਹੋਵੇਗੀ। ਇਨਕਲਾਬ ਦੇ ਫ਼ੌਰੀ ਬਾਅਦ ਗਦਰ ਪਾਰਟੀ ਨੇ ਭਾਰਤੀ ਇਨਕਲਾਬੀਆਂ ਨੂੰ ਇਕ ਅਪੀਲ ਜਾਰੀ ਕਰਦਿਆਂ ਕਿਹਾ: "ਉਠੋ ਅਤੇ ਰੂਸੀਆਂ ਵਾਂਗ ਸਾਹਸ ਤੇ ਚੇਤਨਾ ਨਾਲ ਅੰਗਰੇਜ਼ਾਂ ਨੂੰ ਨਠਾ ਦਿਓ।" ਭਾਰਤੀ ਇਨਕਲਾਬੀਆਂ ਅੰਦਰ ਰੂਸ ਨਾਲ ਸੰਪਰਕ ਕਰਨ ਦੀ ਤੀਬਰ ਭਾਵਨਾ ਪੈਦਾ ਹੋਈ ਅਤੇ ਅਨੇਕਾਂ (ਵੱਖ ਵੱਖ ਇਨਕਲਾਬੀ ਗਰੁੱਪਾਂ) ਨਾਲ ਸੰਬੰਧਤ ਇਨਕਲਾਬੀ ਰੂਸ ਗਏ ਅਤੇ ਵਾਪਸ ਆ ਕੇ ਉਥੋਂ ਦੇ ਇਨਕਲਾਬ ਦੇ ਤਜਰਬੇ ਤੇ ਇਨਕਲਾਬ ਦੇ ਸਿਧਾਂਤ ਨੂੰ ਭਾਰਤ ਦੀ ਕੌਮੀ ਮੁਕਤੀ ਲਹਿਰ ਵਿਚ

ਫੈਲਾਉਣ ਵਿਚ ਲੱਗ ਗਏ। ਗਦਰ ਪਾਰਟੀ ਨੇ ਆਪਣੇ ਦੋ ਮੈਂਬਰਾਂ–ਸੰਤੋਖ ਸਿੰਘ ਤੇ ਰਤਨ ਸਿੰਘ ਨੂੰ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿਚ ਹਿੱਸਾ ਲੈਣ ਲਈ ਮਾਸਕੋ ਭੇਜਿਆ ਅਤੇ ਰਤਨ ਸਿੰਘ ਦੀ ਚਿੱਠੀ, ਜਿਸ ਵਿਚ ਲਿਖਿਆ ਸੀ 'ਮੇਰਾ ਸਪਸ਼ਟ ਵਿਚਾਰ ਹੈ ਕਿ ਭਾਰਤ ਨੂੰ ਇਕ ਰਾਜਸੀ, ਸਮਾਜਕ ਅਤੇ ਉਦਯੋਗਿਕ ਇਨਕਲਾਬ ਦੀ ਲੋੜ ਹੈ ਆਰਥਕ ਤੇ ਸਮਾਜਕ ਸਵਾਲਾਂ ਨੂੰ ਹੱਲ ਕੀਤੇ ਬਿਨਾਂ ਇਕ ਆਜ਼ਾਦ ਭਾਰਤ ਦੀ ਦਲੀਲ ਮੈਨੂੰ ਜਚਦੀ ਨਹੀਂ।'' ਦੇ ਆਧਾਰ ਉਤੇ ਗਦਰ ਪਾਰਟੀ ਨੂੰ ਮਾਨਤਾ ਦਿੱਤੀ ਗਈ। ਅਸਲ ਵਿਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅਕਤੂਬਰ ਇਨਕਲਾਬ ਦੇ ਵੱਡੇ ਪ੍ਰਭਾਵ ਸਦਕਾ ਕੌਮੀ ਆਜ਼ਾਦੀ ਦੀ ਲਹਿਰ ਦਾ "ਪੁਰਾਣੇ ਭਾਰਤ ਦੀ ਬਹਾਲੀ" ਦੇ ਸੁਪਨੇ ਤੋਂ ਪਰੇਰਿਤ ਰੁਝਾਨ ਚੋਖੀ ਹੱਦ ਤਕ ਬੇਅਸਰ ਹੋ ਕੇ ਰਹਿ ਗਿਆ ਅਤੇ ਨਵੇਂ ਭਾਰਤ ਦੀ ਸਿਰਜਣਾ ਦਾ ਸੁਪਨਾ ਵਧੇਰੇ ਹੀ ਵਧੇਰੇ ਸ਼ਿੱਦਤ ਨਾਲ ਕੌਮੀ ਮੁਕਤੀ ਦੀਆਂ ਸ਼ਕਤੀਆਂ ਦੇ ਅੰਦਰ ਰਚਣ ਲੱਗ ਪਿਆ, ਜਿਸਨੇ ਆਮ ਮਜ਼ਦੂਰ–ਕਿਸਾਨ ਲੋਕਾਂ ਨੂੰ ਲਹਿਰ ਵਿਚ ਕੁੱਦਣ ਲਈ ਪਰੇਰਿਆ ਅਤੇ ਇਸ ਤਰ੍ਹਾਂ ਕੌਮੀ ਲਹਿਰ ਦੀ ਬੁਨਿਆਦ ਨੂੰ ਮਜ਼ਬੂਤ ਕੀਤਾ। ਜਮਾਤੀ–ਟੀਚਿਆਂ ਲਈ ਘੋਲ ਕਰਨ ਦਾ ਰੁਝਾਨ ਤਿੱਖਾ ਹੋਇਆ। ਬਰਤਾਨਵੀ ਹਾਕਮਾਂ ਨੂੰ ਭਾਰਤੀ ਸੰਵਿਧਾਨਕ ਰੀਪੋਰਟ (1918) ਵਿਚ ਇਹ ਮੰਨਣਾ ਪਿਆ ਕਿ ਅਕਤੂਬਰ ਇਨਕਲਾਬ ਨੇ ਆਜ਼ਾਦੀ ਲਈ ਜੂਝ ਰਹੀ ਜਨਤਾ ਦੇ ਸਾਹਮਣੇ ਸਮਾਜਕ ਇਨਕਲਾਬ ਦਾ ਨਿਸ਼ਾਨਾ ਪੇਸ਼ ਕਰ ਦਿੱਤਾ। ਇਸ ਇਨਕਲਾਬ ਦੇ ਨਤੀਜੇ ਵਜੋਂ ਭਾਰਤ ਵਿਚ ਹੌਲੀ ਹੌਲੀ ਸਮਾਜਵਾਦੀ ਚੇਤਨਾ ਦਾ ਵਿਕਾਸ ਅਤੇ ਪਰਸਾਰ ਹੋਇਆ।

ਕੌਮੀ ਇਨਕਲਾਬੀ ਜ਼ਿਆਦਾਤਰ ਕਿਸਾਨ ਜਾਂ ਮੱਧਵਰਗੀ ਪਰਿਵਾਰਾਂ ਤੋਂ ਆਏ ਨੌਜਵਾਨ ਸਨ ਜਿਨ੍ਹਾਂ ਨੇ ਸਿੱਖਿਆ ਪ੍ਰਾਪਤੀ ਦੇ ਮੰਤਵ ਲਈ ਸਕੂਲਾਂ, ਕਾਲਜਾਂ ਦੀ ਪੜ੍ਹਾਈ ਦਾ ਮੌਕਾ ਮਿਲਿਆ ਅਤੇ ਇਸ ਕਰਕੇ ਉਹ ਸੰਸਾਰ ਦੀਆਂ ਇਨਕਲਾਬੀ ਲਹਿਰਾਂ ਅਤੇ ਵਿਚਾਰਾਂ ਨੂੰ ਸਮਝਣ ਦੇ ਸਮਰਥ ਸਨ। ਕਿਸਾਨ ਪਰਵਾਰਾਂ ਤੋਂ ਆਏ ਇਨਕਲਾਬੀ ਆਪਣੇ ਪੇਂਡੂ ਲੋਕਾਂ ਦੀ ਗ਼ਰੀਬੀ ਤੋਂ ਨੇੜਿਓਂ ਵਾਕਫ਼ ਸਨ। ਮੱਧਵਰਗੀ ਪਰਿਵਾਰਾਂ ਦੇ ਨੌਜਵਾਨ ਬਰਤਾਨਵੀ ਨੌਕਰਸ਼ਾਹੀ ਦੀਆਂ ਲੋਕਾਂ ਨਾਲ ਅਸਹਿ ਵਧੀਕੀਆਂ ਨੂੰ ਦੇਖਦੇ ਸੁਣਦੇ ਸਨ।

ਕੌਮੀ ਇਨਕਲਾਬੀ ਲੋਕਾਂ ਦੇ ਦੁੱਖ-ਦਰਦ ਪ੍ਰਤੀ ਅਤਿਅੰਤ ਸੰਵੇਦਨਸ਼ੀਲ ਸਨ। 1920ਵਿਆਂ ਦੇ ਇਨਕਲਾਬੀਆਂ ਨੇ ਤਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਵਿਚ ਚਲ ਰਹੇ ਅੰਦੋਲਨ ਵਿਚ ਸਰਗਰਮ ਹਿੱਸਾ ਵੀ ਲਿਆ ਸੀ, ਤਿਲਕ, ਦਾਸ, ਮਾਲਵੀਆ, ਲਾਜਪਤਰਾਏ, ਸੁਭਾਸ਼ ਬੋਸ਼ ਆਦਿ ਕੌਮੀ ਆਗੂਆਂ ਨਾਲ ਉਹਨਾਂ ਦਾ ਸਜੀਵ ਸੰਬੰਧ ਸੀ ਅਤੇ ਬਹੁਤੇ ਕੌਮੀ ਆਗੂਆਂ ਦਾ ਉਹ ਸਤਿਕਾਰ ਕਰਦੇ ਸਨ। ਫਿਰ ਵੀ ਨਿਸ਼ਾਨ ਅਤੇ ਢੰਗਾਂ ਤਰੀਕਿਆਂ ਦੇ ਸਵਾਲ ਉਤੇ ਕੌਮੀ ਇਨਕਲਾਬੀਆਂ ਅਤੇ ਕੌਮੀ ਆਗੂਆਂ ਵਿਚਕਾਰ ਮਤਭੇਦ ਸਨ। ਜਿਸ ਤਰ੍ਹਾਂ ਆਜ਼ਾਦੀ ਦੀ ਲਹਿਰ ਦੀ ਵਧ ਰਹੀ ਕਾਂਗ ਨੂੰ ਕਮਜ਼ੋਰ ਕਰਨ ਲਈ ਬਰਤਾਨਵੀ ਅਧਿਕਾਰੀ ਪ੍ਰਹਿਲਾਂ ਤੋਂ ਹੀ ਹਰ ਤਰ੍ਹਾਂ ਦੇ(ਧਾਰਮਿਕ, ਜ਼ਾਤ ਆਦਿ ਦੇ) ਵਖਰੇਵਿਆਂ ਨੂੰ ਵਧਾ ਕੇ ਫੁੱਟ ਪਾਉਣ ਦੀ ਨੀਤੀ ਉਤੇ ਚੱਲ ਰਹੇ ਸਨ ਉਸੇ ਤਰ੍ਹਾਂ ਇਹਨਾਂ ਮਤਭੇਦਾਂ ਨੂੰ ਲਹਿਰ ਕਮਜ਼ੋਰ ਕਰਨ ਵਾਸਤੇ ਵੀ ਉਹਨਾਂ ਨੇ ਯਤਨ ਕੀਤਾ। ਇਹਦੀ ਇਕ ਮਿਸਾਲ 1921 ਦੇ ਮਹਾਤਮਾ ਗਾਂਧੀ ਦੀ ਅਗਵਾਈ 'ਚ ਚੱਲੇ ਅੰਦੋਲਨ ਸਮੇਂ ਦੀ ਹੈ, ਜਿਸਦਾ ਜ਼ਿਕਰ ਸੁਭਾਸ਼ ਬੋਸ ਨੇ ਇੰਡੀਅਨ ਸਟਰਗਲ ਵਿਚ ਕੀਤਾ ਹੈ ਕਿ "ਜਦੋਂ ਮਹਾਤਮਾ ਗਾਂਧੀ ਨਾ-ਮਿਲਵਰਤਣ ਅੰਦੋਲਨ ਲੈ ਕੇ ਸਾਹਮਣੇ ਆਏ, ਤਾਂ ਇਨਕਲਾਬੀ ਦਲ ਵੱਲੋਂ ਉਨ੍ਹਾਂ ਦੀ ਅਹਿੰਸਾ ਦਾ ਵਿਰੋਧ ਹੋਇਆ। ਸੰਸਾਰ ਜੰਗ ਦੇ ਦੌਰਾਨ ਹਜ਼ਾਰਾਂ ਇਨਕਲਾਬੀ ਜੇਲ੍ਹ ਭੇਜੇ ਗਏ ਸਨ ਅਤੇ ਉਨ੍ਹਾਂ ਵਿਚੋਂ ਕਾਫੀ 1919 ਵਿਚ ਆਮ ਮੁਆਫ਼ੀ ਵਿਚ ਛੱਡ ਦਿੱਤੇ ਗਏ ਸਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਅਹਿੰਸਾ ਦੇ ਸਿਧਾਂਤ ਨੂੰ ਪਸੰਦ ਨਹੀਂ ਕੀਤਾ ਅਤੇ ਉਹਨਾਂ ਨੂੰ ਖ਼ਦਸ਼ਾ ਸੀ ਕਿ ਅਹਿੰਸਾ ਅਤੇ ਅਵਿਰੋਧ ਦੇ ਸਿਧਾਂਤ ਨਾਲ ਜਨਤਾ 'ਨਿਪੁੰਸਕ' ਹੋ ਜਾਵੇਗੀ ਅਤੇ ਉਸਦੀ ਵਿਰੋਧ ਦੀ ਸ਼ਕਤੀ ਘਟ ਜਾਵੇਗੀ। ਇਹ ਸੰਭਾਵਨਾ ਸੀ ਕਿ ਪੂਰਾ ਇਨਕਲਾਬੀ ਵਰਗ ਵਿਚਾਰਧਾਰਕ ਮਤਭੇਦਾਂ ਦੇ ਕਾਰਨ ਕਾਂਗਰਸ ਦੇ ਵਿਰੁੱਧ ਜਾਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਉਹਨਾਂ ਵਿਚੋਂ ਕੁਝ ਲੋਕਾਂ ਨੇ ਬੰਗਾਲ ਵਿਚ ਨਾ-ਮਿਲਵਰਤਣ ਦੇ ਵਿਰੁੱਧ ਪਰਚਾਰ ਸ਼ੁਰੂ ਕਰ ਦਿੱਤਾ। ਬਹੁਤ ਹੀ ਅਜੀਬ ਗੱਲ ਹੈ ਕਿ ਇਸ ਕੰਮ ਦੇ ਲਈ ਧੰਨ ਬਰਤਾਨਵੀ ਵਪਾਰੀ ਵਰਗ ਵੱਲੋਂ ਦਿੱਤਾ ਜਾ ਰਿਹਾ ਸੀ। ਇਹ ਧੰਨ ਇਕ ਭਾਰਤੀ ਐਡਵੋਕੇਟ ਦੇ ਜ਼ਰੀਏ ਵੰਡਿਆ ਜਾ ਰਿਹਾ ਸੀ ਅਤੇ ਉਸ ਐਡਵੋਕੇਟ ਨੇ ਇਹ ਨਹੀਂ ਦੱਸਿਆ ਕਿ ਧੰਨ ਕਿਥੋਂ ਆ ਰਿਹਾ ਹੈ। ਦੇਸਬੰਧੂ ਚਿਤਰੰਜਨ ਦਾਸ ਚਾਹੁੰਦੇ ਸਨ ਕਿ ਇਨਕਲਾਬੀਆਂ ਦਾ ਵਿਰੋਧ ਬੰਦ ਹੋਵੇ ਅਤੇ ਜੇਕਰ ਸੰਭਵ ਹੋਵੇ ਤਾਂ ਕਾਂਗਰਸ ਅੰਦੋਲਨ ਨੂੰ ਉਸਦੀ ਸਰਗਰਮ ਸਹਾਇਤਾ ਮਿਲੇ। ਇਸ ਲਈ ਉਹਨਾਂ ਨੇ ਮਹਾਤਮਾ ਗਾਂਧੀ ਅਤੇ ਇਨਕਲਾਬੀਆਂ ਵਿਚਕਾਰ ਇਕ ਕਾਨਫਰੰਸ ਬੁਲਾਈ, ਜਿਸ ਵਿਚ ਉਹ ਖੁਦ ਮੌਜੂਦ ਸਨ। ਇਨਕਲਾਬੀਆਂ ਨੇ ਮਹਾਤਮਾ ਗਾਂਧੀ ਨਾਲ ਖੁਲ੍ਹ ਕੇ ਗੱਲਬਾਤ

ਕੀਤੀ। ਮਹਾਂਤਮਾ ਜੀ ਨੇ ਅਤੇ ਦੇਸ਼ ਬੰਧੂ ਨੇ ਉਨ੍ਹਾਂ ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਹਿੰਸਕ ਨਾ-ਮਿਲਵਰਤਨ ਲੋਕਾਂ ਦੀ ਵਿਰੋਧ-ਸਮਰੱਥਾ ਨੂੰ ਘਟਾਉਣ ਜਾਂ ਉਸਨੂੰ ਕਮਜ਼ੋਰ ਕਰਨ ਦੀ ਥਾਂ ਸ਼ਕਤੀ ਪਹੁੰਚਾਏਗਾ। ਕਾਨਫਰੰਸ ਦਾ ਨਤੀਜਾ ਇਹ ਹੋਇਆ ਕਿ ਮੌਜੂਦ ਸਾਰੇ ਲੋਕਾਂ ਨੇ ਕਿਹਾ ਕਿ ਕਾਂਗਰਸ ਨੂੰ ਸਵਰਾਜ ਪ੍ਰਾਪਤ ਕਰਨ ਦਾ ਪੂਰਾ ਮੌਕਾ ਦੇਣਗੇ ਅਤੇ ਉਹਨਾਂ ਦੇ ਰਾਹ ਵਿਚ ਕਿਸ ਤਰ੍ਹਾਂ ਦਾ 'ਅੜਿੱਕਾ' ਨਹੀਂ ਬਣਨਗੇ। ਉਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਸਰਗਰਮ ਮੈਂਬਰ ਦੇ ਤੌਰ ਤੇ ਕਾਂਗਰਸ ਵਿਚ ਸ਼ਾਮਿਲ ਹੋਣਾ ਸਵੀਕਾਰ ਕੀਤਾ। ਇਨ-ਕਲਾਬੀਆਂ ਅਤੇ ਮਹਾਤਮਾ ਜੀ ਵਿਚ ਇਹ ਗੱਲਬਾਤ ਸਤੰਬਰ 1921 ਵਿੱਚ ਦਰਵਾਜ਼ੇ ਬੰਦ ਕਰਕੇ ਹੋਈ।"

ਚੌਰੀ ਚੌਰਾ ਦੀ ਘਟਨਾ ਦੇ ਕਾਰਨ ਨਾ ਮਿਲਵਰਤਨ ਅੰਦੋਲਨ ਵਾਪਸ ਲੈ ਲਿਆ ਗਿਆ। ਇਸ ਨਾਲ ਇਨਕਲਾਬੀਆਂ ਨੂੰ ਬੇਹੱਦ ਮਾਯੂਸੀ ਹੋਈ ਅਤੇ ਉਹਨਾਂ ਵਿਚੋਂ ਬਹੁਤ ਸਾਰਿਆਂ ਨੇ ਨਵੇਂ ਰਾਹ ਦੀ ਭਾਲ ਸ਼ੁਰੂ ਕੀਤੀ। ਇਨਕਲਾਬੀਆਂ ਨੇ ਮੁੜਕੇ ਹਥਿਆਰਬੰਦ ਕਾਰਵਾਈਆਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਨਕਲਾਬ ਦੇ ਸਿਧਾਂਤ ਦੀ ਪੜ੍ਹਾਈ ਦੀ ਰੁਚੀ ਵੀ ਬਹੁਤ ਜ਼ੋਰ ਫੜ ਗਈ। ਸਚੇਂਦਰ ਨਾਥ ਸਨਿਆਲ ਦੀ ਅਗਵਾਈ ਵਿਚ ਹਿੰਦੁਸਤਾਨ ਰੀਪਬਲੀਕਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ, ਜਿਸਨੇ "ਰੈਵੋਲੂਸ਼ਨਰੀ" ਨਾਂ ਦਾ ਇਕ ਅਖ਼ਬਾਰ ਵੀ ਕੱਢਣਾ ਸ਼ੁਰੂ ਕੀਤਾ, ਜਿਸ ਵਿਚ ਇਨਕਲਾਬੀਆਂ ਨੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਤੋਂ ਰਹਿਤ ਸਮਾਜ ਦੀ ਸਿਰਜਣਾ ਦੇ ਨਿਸ਼ਾਨੇ ਦਾ ਪਰਚਾਰ ਕੀਤਾ। ਸਮਾਜਵਾਦੀ-ਸਿਧਾਂਤ ਦੇ ਅਧਿਐਨ ਦਾ ਨਤੀਜਾ ਇਹ ਹੋਇਆ ਕਿ ਜਲਦੀ ਹੀ ਜਥੇਬੰਦੀ ਦਾ ਨਾਂ ਬਦਲਕੇ "ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਪਾਰਟੀ" ਕਰ ਦਿੱਤਾ ਗਿਆ। ਪਰ ਅਜੇ ਤਕ ਇਨਕਲਾਬੀ ਲਹਿਰ ਦੀਆਂ ਚਾਲਕ ਸ਼ਕਤੀਆਂ ਬਾਰੇ ਉਹਨਾਂ ਵਿਚ ਸਪਸ਼ਟਤਾ ਨਹੀਂ ਸੀ। ਸਸਾਰ ਦੇ ਸਾਮਰਾਜਵਾਦੀਆਂ ਦੀਆਂ ਜਾਨ ਦੀ ਉਕਾ ਹੀ ਪਰਵਾਹ ਕੀਤੇ ਬਗੈਰ ਅਨਿਆਈ ਪਰਬੰਧ ਨੂੰ ਤਬਾਹ ਕਰਨ ਦੀਆਂ ਇਨਕਲਾਬੀ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਦੇ ਉਹਨਾਂ ਉਤੇ ਤਕੜੇ ਪਰਭਾਵ ਸਨ। ਇਹਨਾਂ ਪ੍ਰਭਾਵਾਂ ਨੇ ਇਸ ਦੌਰ ਦੇ ਇਨਕਲਾਬੀਆਂ ਦੀਆਂ ਕਾਰਵਾਈਆਂ ਨੂੰ ਨਿਰਧਾਰਤ ਕੀਤਾ। ਪਰ ਉਹਨਾਂ ਨੇ ਆਪਣੇ ਨਿਸ਼ਾਨੇ ਨੂੰ ਪੂਰਾ ਕਰਨ ਲਈ ਢੰਗ-ਤਰੀਕਿਆਂ ਦੀ ਨਿਰੰਤਰ ਖੋਜ ਕਦੇ ਬੰਦ ਨਾ ਕੀਤੀ ਅਤੇ ਇਨਕਲਾਬੀ ਸਿਧਾਂਤ ਦੇ ਨਵੇਂ ਤੱਤ ਉਹਨਾਂ ਦੀ ਵਿਚਾਰਧਾਰਾ ਵਿਚ ਸ਼ਾਮਲ ਹੁੰਦੇ ਗਏ। ਸਮਾਜਵਾਦੀ ਸਿਧਾਂਤ ਦੀਆਂ ਪਰਸ-ਥਾਪਨਵਾਂ ਨੂੰ ਗ੍ਰਹਿਣ ਕਰਨ ਦੀ ਉਹਨਾਂ ਦੀ ਸਮਰਥਾ ਕਮਾਲ ਦੀ ਸੀ। ਕੌਮੀ ਇਨਕਲਾਬੀਆਂ ਤੋਂ ਕਮਿਊ-ਨਿਸਟ ਇਨਕਲਾਬੀਆਂ ਵਿਚ ਤਬਦੀਲੀ ਦੇ ਅੰਤਰਕਾਲੀ ਸਮੇਂ ਦੌਰਾਨ ਕਾਕੋਰੀ ਦੀ ਘਟਨਾ, ਸਾਂਡਰਸ ਕਤਲ ਅਤੇ ਅਸੰਬਲੀ ਵਿਚ ਬੰਬ ਸੁੱਟਣ ਦੀਆਂ ਕਾਰਵਾਈਆਂ ਹੋਈਆਂ। ਇਹਨਾਂ ਦਾ ਮਕਸਦ ਸੁੱਤੀ ਜਨਤਾ ਨੂੰ ਜਗਾਉਣਾ ਅਤੇ ਆਪਣੇ ਨਿਸ਼ਾਨਿਆਂ ਦੇ ਅਕੀਦਿਆਂ ਦਾ ਪਰਚਾਰ ਕਰਨਾ ਸੀ। ਉਹਨਾਂ ਦਾ ਇਹ ਵੀ ਖ਼ਿਆਲ ਸੀ ਕਿ ਅਜਿਹੀਆਂ ਇਨਕਲਾਬੀ ਕਾਰਵਾਈਆਂ ਨਾਲ ਉਹ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਇਨਕਲਾਬੀ ਮੋੜ ਦੇਣ ਵਿਚ ਕਾਮਯਾਬ ਹੋ ਜਾਣਗੇ। ਸੋਹਣ ਸਿੰਘ ਜੋਸ਼ ਦੀ ਕਿਤਾਬ "ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ" ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਅਤੇ ਉਹਦੇ ਸਾਥੀ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨ ਦੇ ਕੰਮ ਦੇ ਵਿਚ ਦਿਲਚਸਪੀ ਲੈਂਦੇ ਸਨ, ਪਰ ਅੱਜ ਉਹ ਇਸ ਅਣਥੱਕਾ ਅਤੇ ਲੰਮੇ ਸਮੇਂ ਦੇ ਕੰਮ ਨੂੰ ਆਪਣੇ ਮੋਢਿਆਂ ਉਤੇ ਲੈਣ ਨੂੰ ਤਿਆਰ ਨਹੀਂ ਸਨ। "ਅਸੀਂ ਉਡੀਕ ਨਹੀਂ ਕਰ ਸਕਦੇ। ਤੁਸੀਂ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰੋ ਤੇ ਅਸੀਂ ਬਰਤਾਨਵੀ ਹਾਕਮਾਂ ਨੂੰ ਗੈਰ-ਜਥੇਬੰਦ ਕਰਨ ਦਾ ਕੰਮ ਕਰਾਂਗੇ।" ਭਗਤ ਸਿੰਘ ਨੇ ਕਲਕੱਤੇ ਵਿੱਚ ਸੋਹਣ ਸਿੰਘ ਜੋਸ਼ ਨਾਲ ਆਪਣੀ ਮੁਲਾਕਾਤ (1928) ਦੌਰਾਨ ਕਿਹਾ ਸੀ।

ਜੇਲ੍ਹ ਦੇ ਦੌਰਾਨ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਸਮਾਜਵਾਦੀ ਸਿਧਾਂਤ ਦਾ ਡੂੰਘਾ ਅਧਿਅਨ ਕੀਤਾ ਅਤੇ ਆਪਣੇ ਮੁਕੱਦਮੇ ਦੀ ਨਵੇਂ ਵਿਚਾਰਾਂ ਦੇ ਪਰਚਾਰ ਲਈ ਪੂਰੀ ਪੂਰੀ ਵਰਤੋਂ ਕੀਤੀ ਅਤੇ ਹਥਿਆਰਾਂ, ਦਹਿ-ਸ਼ਤਪਸੰਦੀ, ਕਾਂਗਰਸ ਲਹਿਰ, ਧਰਮ, ਸਾਹਿਤ, ਸੰਸਾਰ ਦੀ ਇਨਕਲਾਬੀ ਲਹਿਰ ਸਬੰਧੀ ਬੁਨਿਆਦੀ ਮਹੱਤਵ ਵਾਲੀਆਂ ਪਰਸਥਾਪਨਾਵਾਂ ਸੂਤਰਬੱਧ ਕੀਤੀਆਂ ਅਤੇ ਪਰਚਾਰੀਆਂ।

ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਵਿਚਾਰ-ਧਾਰਕ ਵਿਕਾਸ ਉਸ ਦੌਰ ਦੀਆਂ ਆਮ ਤੇ ਵਿਸ਼ੇਸ਼ ਹਾਲਤਾਂ ਦੇ ਅੰਤਰ-ਅਮਲ ਵਿਚ ਹੋਇਆ। ਇਹ ਕੋਈ ਸਬੱਬੀ ਗੱਲ ਨਹੀਂ ਸੀ ਕਿ ਨਿਰਸੁਆਰਥ ਤੇ ਇਨਕ-ਲਾਬੀ ਲਹਿਰਾਂ ਦੀ ਗੁੜ੍ਹਤੀ ਲੈ ਕੇ ਜੰਮੇ ਇਹਨਾਂ ਨੌ-ਜਵਾਨਾਂ ਨੇ ਅੰਤ ਨੂੰ ਕਮਿਊਨਿਸਟ ਵਿਚਾਰਧਾਰਾ ਨੂੰ ਅਪਣਾਇਆ। ਇਹ ਕੌਮੀ ਇਨਕਲਾਬੀ ਲਹਿਰਾਂ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਅੰਤਰ-ਅਮਲ ਦਾ ਮੰਤਕੀ ਨਤੀਜਾ ਸੀ ਕਿ ਭਾਰਤ ਵਿਚ ਕਮਿਊਨਿਸਟ ਲਹਿਰ ਨੇ ਜਨਮ ਲਿਆ। ਬਹੁਤਿਆਂ ਨੇ ਮੁੱਢ ਵਿਚ ਧਾਰਮਕ ਵਿਚਾਰਾਂ ਦੇ ਕਰਮਸ਼ੀਲ ਅੰਸ਼ ਨੂੰ ਅਪਣਾ-ਇਆ ਅਤੇ ਹੌਲੀ ਹੌਲੀ ਸਭ ਤੋਂ ਵਿਕਸਤ ਵਿਗਿਆਨਕ

ਸਮਾਜਵਾਦ ਦੇ ਵਿਚਾਰਾਂ ਦੀ ਇਨਕਲਾਬੀ ਸ਼ਕਤੀ ਨੂੰ ਉਹਨਾਂ ਨੇ ਪਹਿਚਾਣ ਲਿਆ । ਭਗਤ ਸਿੰਘ ਉਹਨਾਂ ਪਹਿਲੇ ਇਨਕਲਾਬੀਆਂ ਵਿਚੋਂ ਸੀ, ਜਿਸਨੇ ਧਾਰਮਕ ਵਿਚਾਰਾਂ ਨੂੰ ਤਿਲਾਂਜਲੀ ਦਿੱਤੀ । ਧਰਮ ਦੀ ਬੁਨਿਆਦ ਵਿਸ਼ਵਾਸ ਹੁੰਦਾ ਹੈ ਅਤੇ ਫਲਸਫੇ ਦੀ ਬੁਨਿਆਦ ਗਿਆਨ । "ਮੈਂ ਨਾਸਤਕ ਕਿਉਂ ਹਾਂ" ਵਿਚ ਭਗਤ ਸਿੰਘ ਦੀ ਵਿਰੋਧ-ਵਿਕਾਸੀ ਪਹੁੰਚ ਨੂੰ ਗ੍ਰਹਿਣ ਕਰਨ ਦੀ ਸਮਰਥਾ ਦਾ ਪਤਾ ਲਗਦਾ ਹੈ ।

"ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਵੇਗੀ, ਇਸਦੇ ਵਿਚ ਅਵਿਸ਼ਵਾਸ ਪਰਗਟ ਕਰਨਾ ਪਏਗਾ ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ । ਪਰਚੱਲਤ ਵਿਸ਼ਵਾਸ ਦੀ ਇਕੱਲੀ ਇਕੱਲੀ ਗੱਲ ਦੀ ਬਾ-ਦਲੀਲ ਪੁਣਛਾਣ ਕਰਨੀ ਹੋਵੇਗੀ । ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿਚ ਵਿਸ਼ਵਾਸ ਕਰਨ ਲਗਦਾ ਹੈ ਤਾਂ ਉਹਦਾ ਵਿਸ਼ਵਾਸ ਸਲਾਹੁਣਯੋਗ ਹੈ । ਉਹਦੀ ਦਲੀਲ ਗਲਤ ਜਾਂ ਉੱਕਾ ਹੀ ਬੇ-ਬੁਨਿਆਦ ਹੋ ਸਕਦੀ ਹੈ । ਪਰ ਉਹਨਾਂ ਨੂੰ ਦਰੁਸਤ ਰਾਹ ਤੇ ਲਿਆਂਦਾ ਜਾਣਾ ਚਾਹੀਦਾ ਹੈ ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ ਤਾਰਾ ਜੋ ਹੁੰਦੀ ਹੈ, ਪਰ ਨਿਰਾ ਵਿਸ਼ਵਾਸ ਜਾਂ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ । ਇਹ ਦਿਮਾਗ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤਿਗਾਮੀ ਬਣਾ ਦੇਂਦਾ ਹੈ । ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ । ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖਲੋ ਸਕੇ ਤਾਂ ਇਹ ਢਹਿ ਢੇਰੀ ਹੋ ਜਾਏਗਾ । ਫੇਰ ਉਸ ਬੰਦੇ ਦਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ । ਇਹ ਨਾਕਾਰਾਤਮਕ ਪੱਖ ਹੈ । ਇਸ ਤੋਂ ਮਗਰੋਂ ਸਾਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ, ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਾਮਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ ।" ਭਾਵੇਂ ਅਗਲੇ ਹੀ ਫਿਕਰੇ ਵਿਚ ਭਗਤ ਸਿੰਘ ਫਲਸਫੇ ਦੇ ਅਧਿਅਨ ਦੀ ਆਪਣੀ ਘਾਟ ਨੂੰ ਤਸਲੀਮ ਕਰਦਾ ਹੈ, ਪਰ ਉਪ-ਰੋਕਤ ਹਵਾਲੇ ਤੋਂ ਬਿਨਾਂ ਕਿਸੇ ਸੰਦੇਹ ਦੇ ਦਾਰਸ਼ਨਿਕ ਚਿੰਤਨ ਵਿਚ ਭਗਤ ਸਿੰਘ ਦੀ ਹੈਰਾਨਕੁਨ ਸਮਰਥਾ ਦਾ ਪਤਾ ਲਗਦਾ ਹੈ । ਨਿਖੇਧ ਦੇ ਨਿਖੇਧ ਦਾ ਵਿਰੋਧ-ਵਿਕਾਸੀ ਅਸੂਲ ਭਗਤ ਸਿੰਘ ਨੇ ਸਮਝ ਲਿਆ ਸੀ । ਉਹ ਨਿਖੇਧਵਾਦੀ ਨਿਖੇਧ ਨੂੰ ਰੱਦ ਕਰਦਾ ਹੈ ਅਤੇ ਵਿਰੋਧ-ਵਿਕਾਸੀ ਨਿਖੇਧ ਦਾ ਧਾਰਨੀ ਹੈ । ਮਾਰਕਸ-ਵਾਦੀ ਸਿਧਾਂਤ ਦੀ ਬੁਨਿਆਦ ਮਾਰਕਸਵਾਦੀ ਦਰਸ਼ਨ ਹੁੰਦਾ ਹੈ । ਜੇਕਰ ਦਰਸ਼ਨ ਦੇ ਅਧਿਅਨ ਦੀ ਭਗਤ ਸਿੰਘ ਦੀ ਵੱਡੀ ਰੀਝ ਨੂੰ ਕੁਝ ਹੋਰ ਸਮਾਂ ਮਿਲ ਜਾਂਦਾ ਤਾਂ ਨਿਰਸੰਦੇਹ ਥੋੜੇ ਸਮੇਂ ਵਿਚ ਹੀ ਉਸਨੇ ਮਾਰਕਸ-ਵਾਦੀ ਸਿਧਾਂਤ ਨੂੰ ਗ੍ਰਹਿਣ ਕਰਨ ਵਿਚ ਹੈਰਾਨੀਜਨਕ ਪਰਬੀਨਤਾ ਹਾਸਲ ਕਰ ਲੈਣੀ ਸੀ ।

ਮਾਰਕਸਵਾਦ ਦੇ ਦੂਸਰੇ ਅੰਗ ਰਾਜਸੀ ਆਰ-ਥਕਤਾ ਦੇ ਖੇਤਰ ਵਿਚ ਵੀ ਭਗਤ ਸਿੰਘ ਤੇ ਉਸਦੇ ਸਾਥੀ ਸਭ ਤੋਂ ਬੁਨਿਆਦੀ ਸਿੱਟਿਆਂ ਉਤੇ ਪਹੁੰਚ ਗਏ ਸਨ । ਹਰ ਕਿਸਮ ਦੀ ਲੁੱਟ-ਖਸੁੱਟ ਖ਼ਤਮ ਕਰਨ ਲਈ ਨਿੱਜੀ ਦਾ ਜਾਇਦਾਦ ਦੀ ਸੰਸਥਾ ਨੂੰ ਖ਼ਤਮ ਕਰਨ ਦੀ ਲੋੜ ਉਹਨਾਂ ਨੇ ਸਮਝ ਲਈ ਸੀ, ਪਰ ਮਾਰਕਸਵਾਦ ਦੇ ਇਸ ਅੰਗ ਬਾਰੇ ਉਹਨਾਂ ਦਾ ਅਧਿਆਨ ਹਾਲੇ ਬਹੁਤ ਥੋੜਾ ਸੀ । ਪਰੂਦੋਂ ਤੇ ਮਾਰਕਸ ਦੇ ਆਰਥਕ ਸਿਧਾਂਤਾਂ ਅਮੇਲਤਾ ਨੂੰ ਸਮਝਣਾ ਅਜੇ ਬਾਕੀ ਸੀ ।

ਮਾਰਕਸਵਾਦ ਦੇ ਤੀਸਰੇ ਅੰਗ ਵਿਗਿਆਨਕ ਕਮਿਊਨਿਜ਼ਮ ਦੇ ਖੇਤਰ ਵਿਚ ਉਹਨਾਂ ਦਾ ਅਧਿਅਨ ਵਧੇਰੇ ਪੂਰਨ ਸੀ । ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀਆਂ ਲਿਖ਼ਤਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ "ਖੱਬੇ ਪੱਖੀ ਕਮਿਊਨਿਜ਼ਮ ਇਕ ਬਚਗਾਨਾ ਰੋਗ", "ਕੀ ਕਰਨਾ ਲੋੜੀਏ" ਵਰਗੀਆਂ ਲੈਨਿਨ ਦੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ । ਫ਼ਾਂਸੀ ਦੇ ਦਿਨ ਤੋਂ ਐਨ ਪਹਿਲਾਂ ਭਗਤ ਸਿੰਘ ਲੈਨਿਨ ਦੀ ਕਿਤਾਬ "ਰਾਜ ਤੇ ਇਨਕਲਾਬ" ਪੜ੍ਹ ਰਿਹਾ ਸੀ ।

ਉਹਨਾਂ ਨੇ ਮਾਰਕਸਵਾਦ ਦੇ ਅਧਿਅਨ ਦੀ ਲੋੜ ਨੂੰ ਸਿਧਾਂਤ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਮਹਿਸੂਸ ਕਰ ਲਿਆ ਸੀ ਅਤੇ ਅਨੇਕਾਂ ਲਿਖ਼ਤਾਂ ਵਿਚ ਇਸ ਲੋੜ ਉਤੇ ਲੋੜੀਂਦਾ ਜ਼ੋਰ ਦਿੱਤਾ । ਨਹਿਰੂ ਅਤੇ ਸੁਭਾਸ਼ ਦੇ ਵਿਚਾਰਾਂ ਦੀ ਤੁਲਨਾ ਬਾਰੇ ਜੁਲਾਈ 1928 ਦੇ 'ਕਿਰਤੀ' ਵਿਚ ਛਪੇ ਲੇਖ ਭਾਵੁਕ ਸੁਭਾਸ਼ ਦੁਆਰਾ ਪੁਰਾਣੇ ਭਾਰਤ ਨੂੰ ਵਡਿਆਉਣ ਦੀ ਨਿਰਾਰਥਕਤਾ ਨੂੰ ਪੇਸ਼ ਕੀਤਾ, ਪੰਡਤ ਨਹਿਰੂ ਦੇ ਵਿਗਿਆਨਕ ਵਿਚਾਰਾਂ ਦੇ ਮਹੱਤਵ ਉਤੇ ਜ਼ੋਰ ਦਿੱਤਾ ਗਿਆ ਹੈ :

"ਸੁਭਾਸ਼ ਅੱਜ ਸ਼ਾਇਦ ਦਿਲ ਦੀ ਗਜ਼ਾ ਦੇਣ ਤੋਂ ਇਲਾਵਾ ਹੋਰ ਕੋਈ ਦਿਮਾਗੀ ਗਜ਼ਾ ਨਹੀਂ ਦੇ ਰਹੇ ।... ਇਸ ਵੇਲੇ ਪੰਜਾਬ ਨੂੰ ਦਿਮਾਗੀ ਗਜ਼ਾ ਦੀ ਲੋੜ ਹੈ ਅਤੇ ਉਹ ਪੰਡਤ ਨਹਿਰੂ ਕੋਲੋਂ ਹੀ ਮਿਲ ਸਕਦੀ ਹੈ । ਇਸਦਾ ਮਤਲਬ ਇਹ ਨਹੀਂ ਕਿ ਉਹਨਾਂ ਦੇ ਅੰਨ੍ਹੇ ਪੈਰੋਕਾਰ ਬਣ ਜਾਣਾ ਚਾਹੀਦਾ ਹੈ, ਪਰ ਜਿਥੋਂ ਤਕ ਖ਼ਿਆਲਾਂ ਦਾ

ਤਾਅਲੁਕ ਹੈ ਉਥੋਂ ਤੀਕ ਐਸ ਵੇਲੇ ਪੰਜਾਬੀ ਨੌਜਵਾਨਾਂ ਨੂੰ ਉਹਨਾਂ ਦੇ ਪਿੱਛੇ ਲਗਣਾ ਚਾਹੀਦਾ ਹੈ।" ਜਵਾਹਰ ਲਾਲ ਨਹਿਰੂ ਅਕਤੂਬਰ ਇਨਕਲਾਬ ਦੇ ਪ੍ਰਭਾਵ ਹੇਠ ਮਾਰਕਸਵਾਦ ਦੇ ਪ੍ਰਭਾਵ ਨੂੰ ਕਬੂਲਣ ਵਾਲੇ ਕਾਂਗਰਸ ਦੇ ਖੱਬੇ ਧੜੇ ਦਾ ਸੱਭ ਤੋਂ ਉਤਮ ਨੁਮਾਇੰਦਾ ਸੀ। ਸੁਭਾਸ਼ ਤੇ ਨਹਿਰੂ ਦੇ ਵਿਚਾਰਾਂ ਦਾ ਮੁਲੰਕਣ ਕਰਨ ਦੀ ਕਸਵੱਟੀ ਇਕ ਇਨਕਲਾਬੀ ਦੀ ਬਾਰੀਕਬੀਨ ਰਾਜਸੀ ਸੂਝ ਦਾ ਸਬੂਤ ਹੈ।

ਭਗਤ ਸਿੰਘ ਤੇ ਉਹਦੇ ਸਾਥੀਆਂ ਦੀ ਮਾਰਕਸਵਾਦੀ ਸੋਧ ਦਾ ਭਰਪੂਰ ਵਿਕਾਸ ਕਾਮਰੇਡ ਅਜੈ ਕੁਮਾਰ ਘੋਸ਼ (ਭਗਤ ਸਿੰਘ ਦੇ ਇਕ ਸਾਥੀ) ਦੇ ਵਿਚਾਰਧਾਰਕ ਵਿਕਾਸ ਵਿਚ ਆਪਣੀ ਮੰਤਕੀ ਸਿਖ਼ਰ ਤਕ ਪਰਫੁੱਲਤ ਹੋਇਆ, ਜਿਸਨੇ ਬਾਅਦ ਵਿਚ ਭਾਰਤ ਦੀ ਕਮਿਊਨਿਸਟ ਲਹਿਰ ਦੇ ਪਰਮੁੱਖ ਆਗੂ ਵਜੋਂ ਲਾ-ਮਿਸਾਲ ਯੋਗਦਾਨ ਦਿੱਤਾ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਪ੍ਰਮੁੱਖ ਆਗੂਆਂ ਦੀਆਂ ਸਫ਼ਾਂ ਵਿਚ ਜਾ ਪਹੁੰਚੇ। ਭਗਤ ਸਿੰਘ ਦੇ ਲਗਭਗ ਸਾਰੇ ਸਾਥੀ ਕੁਰ-ਬਾਨੀਆਂ ਦੀ ਆਪਣੀ ਅਮੀਰ ਵਿਰਾਸਤ ਨਾਲ ਲੈਸ ਭਾਰਤ ਦੀ ਕਮਿਊਨਿਸਟ ਲਹਿਰ ਦਾ ਅਟੁਟ ਅੰਗ ਬਣ ਗਏ।

ਕਮਿਊਨਿਸਟ ਲਹਿਰ ਨਾਲ ਏਕੀਕਰਨ ਦੇ ਬੀਜ ਪਹਿਲਾਂ ਤੋਂ ਹੀ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀ ਪਹੁੰਚ ਵਿਚ ਮੌਜੂਦ ਸਨ। ਇਸ ਸੰਬੰਧੀ ਅਜੈ ਕੁਮਾਰ ਘੋਸ਼ ਨੇ ਲਿਖਿਆ ਹੈ :

"ਭਗਤ ਸਿੰਘ ਅਤੇ ਸਾਡੇ ਵਿਚੋਂ ਕੁਝ ਹੋਰ ਅਨੇਕਾਂ ਕਮਿਊਨਿਸਟ ਆਗੂਆਂ ਨੂੰ ਮਿਲੇ ਸਨ। ਅਸੀਂ ਉਹਨਾਂ ਪ੍ਰਤੀ ਹਮਦਰਦੀ ਮਹਿਸੂਸ ਕਰਦੇ ਸਾਂ ਅਤੇ ਇਕ ਵਾਰੀ ਤਾਂ ਅਸੀਂ ਉਹਨਾਂ ਨਾਲ ਅਮਲ ਵਿਚ ਗਠਜੋੜ ਬਾਰੇ ਸੋਚਿਆ ਵੀ ਸੀ — ਕਮਿਊਨਿਸਟ ਲੋਕਾਂ ਨੂੰ ਜਥੇਬੰਦ ਕਰਨ ਅਤੇ ਜਨਤਕ ਲਹਿਰ ਚਲਾਉਣ ਲਈ, ਅਸੀਂ ਹਿੰਦੁਸਤਾਨ ਸੋਸ਼ਲਿਸਟ ਰੀ-ਪਬਲੀਕਨ ਐਸੋਸੀਏਸ਼ਨ ਵਾਲੇ ਇਸ (ਲਹਿਰ) ਦੇ ਹਥਿਆਰਬੰਦ ਦਸਤੇ ਵਜੋਂ ਕੰਮ ਕਰੀਏ। ਪਰ ਜਦੋਂ ਸਾਨੂੰ ਪਤਾ ਲੱਗਿਆ ਕਿ ਕਮਿਊਨਿਸਟ ਵਿਅਕਤੀਆਂ ਰਾਹੀਂ ਹਥਿਆਰਬੰਦ ਐਕਸ਼ਨ ਨੂੰ ਲਹਿਰ ਲਈ ਹਾਨੀ-ਕਾਰਕ ਸਮਝਦੇ ਹਨ, ਅਸੀਂ ਵਿਚਾਰ ਛੱਡ ਦਿੱਤਾ। ਭਾਵੇਂ ਅਸੀਂ ਕਮਿਊਨਿਸਟਾਂ ਨੂੰ ਇਨਕਲਾਬੀਆਂ ਦੇ ਤੌਰ ਤੇ ਨਹੀਂ ਸਾਂ ਦੇਖਦੇ-ਇਨਕਲਾਬ ਤੋਂ ਸਾਡਾ ਭਾਵ ਮੁੱਖ ਤੌਰ ਤੇ ਹਥਿਆਰਬੰਦ ਐਕਸ਼ਨ ਸੀ-ਅਸੀਂ ਉਹਨਾਂ ਨਾਲ ਬਹੁਤ ਪੱਖਾਂ ਵਿਚ ਸਮਾਨਤਾ ਦੇਖਦੇ ਸਾਂ; ਸਾਮਰਾਜ ਲਈ ਉਹਨਾਂ ਦੀ ਨਫ਼ਰਤ ਵਿਚ, ਸੰਵਿਧਾਨਵਾਦ ਦੀ ਉਹਨਾਂ ਵਲੋਂ ਵਿਰੋਧਤਾ ਅਤੇ ਸਿੱਧੇ ਐਕਸ਼ਨ ਉੱਤੇ ਜ਼ੋਰ ਵਿਚ ਸਮਾਜਵਾਦ ਲਈ ਉਹਨਾਂ ਦੀ ਤਾਂਘ ਵਿਚ।"

ਭਗਤ ਸਿੰਘ ਤੇ ਉਹਦੇ ਸਾਥੀਆਂ ਦੀਆਂ ਲਿਖਤਾਂ ਦੇ ਅਧਿਅਨ ਤੋਂ ਪਤਾ ਲਗਦਾ ਹੈ ਕਿ ਉਹ ਕਿੰਨੀ ਤੇਜ਼ੀ ਨਾਲ ਇਨਕਲਾਬ ਨਾਲ ਸਬੰਧਤ ਵੱਖ ਵੱਖ ਸਵਾਲਾਂ ਬਾਰੇ ਕਿਸੇ ਵੀ ਕਿਸਮ ਦੇ (ਤੰਗ ਨਜ਼ਰ ਕੱਟੜਪੰਥੀਪੁਣੇ ਦੇ ਜਾਂ ਸੁਧਾਰਵਾਦੀ) ਭਰਮਾਂ ਤੋਂ ਮੁਕਤ ਹੋ ਰਹੇ ਸਨ ਅਤੇ 1930-31 ਦੇ ਸਾਲਾਂ ਵਿਚ ਮਾਰਕਸਵਾਦ ਦੇ ਬਹੁਤੇ ਅੰਸ਼ ਗ੍ਰਹਿਣ ਕਰ ਚੁੱਕੇ ਸਨ।

ਭਾਵੇਂ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਇਨਕਲਾਬੀ ਲਹਿਰ ਅਗਵਾਈ ਹਾਸਲ ਨਾ ਕਰ ਸਕੀ, ਜੋ ਭਗਤ ਸਿੰਘ ਤੇ ਉਹਦੇ ਸਾਥੀਆਂ ਦੀ ਵੱਡੀ ਤਾਂਘ ਸੀ, ਫਿਰ ਵੀ ਆਜ਼ਾਦੀ ਦੀ ਲਹਿਰ ਨੂੰ ਵਧੇਰੇ ਸਾਰਥਕ ਬਣਾਉਣ ਵਿਚ ਇਹਦਾ ਰੋਲ ਘਟਾ ਕੇ ਨਹੀਂ ਦੇਖਿਆਂ ਜਾਣਾ ਚਾਹੀਦਾ।

ਅੱਜ ਜਦੋਂ ਅਸੀਂ ਇਤਿਹਾਸ ਦੇ ਇਕ ਅਤਿਅੰਤ ਗੁੰਝਲਦਾਰ ਦੌਰ ਵਿਚੋਂ ਗੁਜ਼ਰ ਰਹੇ ਹਾਂ। ਵੱਡੀਆਂ ਵੰਗਾਰਾਂ ਇਨਕਲਾਬੀ ਲਹਿਰ ਨੂੰ ਦਰਪੇਸ਼ ਹਨ। ਭਗਤ ਸਿੰਘ ਤੇ ਉਹਦੇ ਸਾਥੀਆਂ ਦੀ ਸ਼ਹਾਦਤ ਤੋਂ 55 ਸਾਲ ਬਾਅਦ, ਅਸੀਂ ਸੰਸਾਰ ਦੀਆਂ ਹਾਲਤਾਂ ਵਿਚ ਗੁਣਾਤਮਕ ਤਬਦੀਲੀ ਵੇਖ ਰਹੇ ਹਾਂ। ਸੰਸਾਰ ਸਮਾਜਵਾਦ ਨੇ ਇਸ ਸਮੇਂ ਦੌਰਾਨ ਭਾਰੀ ਪ੍ਰਗਤੀ ਕੀਤੀ ਹੈ। ਇਸ ਤਰ੍ਹਾਂ ਸਾਮਰਾਜ ਦੇ ਖ਼ਿਲਾਫ਼ ਲੜਾਈ ਵਿਚ ਸਾਡਾ ਪ੍ਰਮੁੱਖ ਇਤਹਾਦੀ ਵੀਹ-ਵਿਆਂ ਦੇ ਸਮੇਂ ਨਾਲੋਂ ਕਈ ਗੁਣਾ ਤਕੜਾ ਹੋ ਗਿਆ ਹੈ। ਨਵੇਂ ਆਜ਼ਾਦ ਦੇਸ਼ਾਂ ਦੀ ਇਕ ਹੋਰ ਸ਼ਕਤੀ ਸਾਮਰਾਜ ਦੇ ਖ਼ਿਲਾਫ਼ ਗੁੱਟ-ਨਿਰਲੇਪ ਲਹਿਰ ਦੇ ਰੂਪ ਵਿਚ ਜਥੇਬੰਦ ਹੈ ਜੋ ਸੰਸਾਰ ਸਮਾਜਵਾਦ ਦੀ ਸੁਭਾਵਕ ਇਤਹਾਦੀ ਹੈ। ਸੰਸਾਰ ਦੀ ਮਜ਼ਦੂਰ ਜਮਾਤ ਲਹਿਰ ਕਿਤੇ ਵਧੇਰੇ ਤਕੜੀ ਹੋਈ ਹੈ। ਸਾਮਰਾਜ ਦਾ ਵੇਲਾ ਤੇਜ਼ੀ ਨਾਲ ਬੀਤ ਰਿਹਾ ਹੈ। ਪਰ ਅਜੇ ਵੀ ਇਹ ਤਕੜੀ ਸ਼ਕਤੀ ਹੈ ਅਤੇ ਫ਼ੌਜਵਾਦ ਨਾਲ ਵਧੇਰੇ ਹੀ ਵਧੇਰੇ ਲੈਸ ਹੋਇਆ ਸਾਮਰਾਜ ਸੰਸਾਰ ਦੀ ਅੱਗੇ ਵੱਲ ਪੇਸ਼ਕਦਮੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਇਥੋਂ ਤੱਕ ਕਿ ਇਹ ਸਮੁੱਚੀ ਮਨੁੱਖਤਾ ਦੀ ਐਨ ਲਈ ਹੀ ਖ਼ਤਰਾ ਖੜਾ ਕਰ ਰਿਹਾ ਹੈ। ਨਵੇਂ ਆਜ਼ਾਦ ਹੋਏ ਦੇਸ਼ਾਂ ਉਤੇ ਸਾਮਰਾਜ ਦਾ ਆਰਥਕ ਦਬਾ ਨਵਬਸਤੀਵਾਦੀ ਘੁਸਪੈਠ ਅਤੇ ਫ਼ੌਜੀ ਘੇਰੇਬੰਦੀ ਦਖ਼ਲ ਅਤੇ ਸਭਿਆਂ-ਚਾਰਕ ਹਮਲੇ ਇਹਨਾਂ ਦੇਸ਼ਾਂ ਦੀ ਪਰਭੂਸਤਾ, ਆਜ਼ਾਦੀ ਅਤੇ ਵਿਕਾਸ ਲਈ ਵੱਡੇ ਖ਼ਤਰੇ ਖੜੇ ਕਰ ਰਹੇ ਹਨ।

ਸਾਮਰਾਜ ਨੇ ਸਾਡੇ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਲਈ ਕਿਹੋ ਜਹੇ ਦਾਅਪੇਚ ਅਤੇ ਢੰਗ-

ਤਰੀਕੇ ਵਰਤੇ, ਇਹਦੇ ਬਾਰੇ ਭਗਤ ਸਿੰਘ ਤੇ ਉਹਦੇ ਸਾਥੀਆਂ ਦੀਆਂ ਲਿਖਤਾਂ ਵਿਚੋਂ ਭਰਪੂਰ ਜਾਣਕਾਰੀ ਮਿਲਦੀ ਹੈ। ਅੱਜ ਸਾਮਰਾਜ ਨੇ ਆਪਣੇ ਸਾਰੇ ਤਜਰਬੇ ਦੀ ਵਰਤੋਂ ਕਰਦਿਆਂ ਸਾਡੀ ਆਜ਼ਾਦੀ ਉਤੇ ਏਨਾ ਜ਼ੋਰ-ਦਾਰ ਹਮਲਾ ਬੋਲਿਆ ਹੈ, ਜਿੰਨਾ ਪਹਿਲਾਂ ਕਦੇ ਵੇਖਣ ਵਿਚ ਨਹੀਂ ਆਇਆ। ਇਹਦੇ ਲਈ ਉਹ ਸਾਡੇ ਦੇਸ਼ ਦੇ ਸਰਮਾਏਦਾਰੀ ਵਿਕਾਸ ਦੀਆਂ ਵਿਰੋਧਤਾਈਆਂ ਨੂੰ, ਕੌਮੀ ਅਤੇ ਜਮਹੂਰੀ ਕਾਰਜਾਂ ਦੀ ਅਪੂਰਤੀ ਨੂੰ, ਇਹਨਾਂ ਵਿਚੋਂ ਪੈਦਾ ਹੁੰਦੀਆਂ ਕਮਜ਼ੋਰੀਆਂ ਨੂੰ ਵੀ ਵਰਤ ਰਿਹਾ ਹੈ। ਦੇਸ਼ ਦੀਆਂ ਸਰਮਾਏਦਾਰ ਪਾਰਟੀਆਂ, ਦੇਸ਼ ਦੇ ਦੂਰਗਾਮੀ ਹਿੱਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਆਪਣੇ ਤੰਗ ਫ਼ੌਰੀ ਲਾਭਾਂ ਦੇ ਪਿੱਛੇ ਦੌੜ ਰਹੀਆਂ ਹਨ। ਦੇਸ਼ ਦੀ ਏਕਤਾ, ਆਜ਼ਾਦੀ ਦੀ ਰੱਖਿਆ ਅਤੇ ਦੇਸ ਦੇ ਸਮਾਜੀ-ਆਰਥਕ ਢਾਂਚੇ ਵਿਚ ਇਨਕਲਾਬੀ ਤਬਦੀਲੀਆਂ ਦਾ ਦੋਹਰਾ ਕਾਰਜ ਭਾਰਤ ਦੀ ਇਨਕਲਾਬੀ ਲਹਿਰ ਨੂੰ ਦਰਪੇਸ਼ ਹੈ। ਇਨਕਲਾਬੀ ਸ਼ਕਤੀਆਂ ਅਤੇ ਸਾਮਰਾਜ-ਵਿਰੋਧੀ ਸ਼ਕਤੀਆਂ ਵਿਚਕਾਰ ਫੁੱਟ ਅਤੇ ਇਹਨਾਂ ਵਿਚਕਾਰ ਸਾਂਝੀਆਂ ਕਾਰ-ਵਾਈਆਂ ਨੂੰ ਅਸੰਭਵ ਬਣਾ ਦੇਣ ਲਈ ਪਿਛਾਂਹ-ਖਿੱਚੂ ਬੁਰਜੂਆ ਹਲਕੇ ਤਾਣ ਲਾ ਰਹੇ ਹਨ।

ਅਜਿਹੇ ਸਮੇਂ ਖ਼ਤਰੇ ਦੀ ਪੂਰੀ ਸੋਝੀ, ਰਾਜਸੀ ਸਪਸ਼ਟਤਾ ਅਤੇ ਲੰਮੇ ਜਾਂ ਥੋੜ-ਚਿਰੇ ਇਤਹਾਦੀਆਂ ਦੀ ਘੱਟੋ ਘੱਟ ਪਰੋਗਰਾਮ ਉਤੇ ਸਾਂਝੀ ਜਨਤਕ ਕਾਰਵਾਈ ਸਮੇਂ ਦੀ ਵੱਡੀ ਲੋੜ ਹੈ। ਅਸੀਂ ਦਰਪੇਸ਼ ਵੰਗਾਰਾਂ ਦਾ ਮੂੰਹ ਤੋੜ ਜਵਾਬ ਦੇ ਸਕਦੇ ਹਾਂ, ਜੇਕਰ ਅਸੀਂ ਸਾਰੀਆਂ ਸੰਭਾਵੀ ਇਨਕਲਾਬੀ ਸ਼ਕਤੀਆਂ ਨੂੰ ਮਾਰਕਸਵਾਦ, ਲੈਨਿਨਵਾਦ ਦੇ ਸਿਧਾਂਤ ਨਾਲ ਲੈਸ ਕਰਕੇ ਵਧੇਰੇ ਹੀ ਵਧੇਰੇ ਏਕਤਾਬੱਧ, ਜਥੇਬੰਦ ਲਹਿਰ ਦੀ ਉਸਾਰੀ ਕਰਨ ਵਿਚ ਜੁੱਟ ਪਈਏ।

ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵਿਚਾਰ ਨੌਜਵਾਨਾਂ ਨੂੰ ਇਸ ਦਿਸ਼ਾ ਵਿਚ ਸੇਧ ਦੇਣ ਲਈ ਅਤੇ ਉਹਨਾਂ ਦੀ ਇਨਕਲਾਬੀ ਧਾਰਾ ਨੂੰ ਤੇਜ਼ ਕਰਨ ਲਈ ਸਾਡੀ ਬਹੁਮੁੱਲੀ ਵਿਰਾਸਤ ਹਨ। ਇਨਕਲਾਬ ਦੇ ਅੰਤਮ ਨਿਸ਼ਾਨੇ ਨੂੰ ਅਤੇ ਵਰਤਮਾਨ ਪੜਾਅ ਨੂੰ ਸਮਝਣ ਦੀ ਜ਼ਰੂਰਤ ਹੈ। ਇਨਕਲਾਬ ਲਈ ਕਿਹੜੀਆਂ ਸ਼ਕਤੀਆਂ ਮਦਦਗਾਰ ਹੋਣਗੀਆਂ ? "ਇਨਕਲਾਬੀ ਪਰੋਗਰਾਮ ਦਾ ਖਰੜਾ" ਨਾਂ ਦੀ ਦਸਤਾਵੇਜ਼ ਵਿਚ ਸਪਸ਼ਟ ਉਤਰ ਮੌਜੂਦ ਹੈ : "ਇਨਕਲਾਬ ਭਾਵੇਂ ਕੌਮੀ ਹੋਵੇ ਤੇ ਭਾਵੇਂ ਸਮਾਜਵਾਦੀ, ਜਿਨ੍ਹਾਂ ਸ਼ਕਤੀਆਂ ਤੇ ਅਸੀਂ ਨਿਰਭਰ ਕਰ ਸਕਦੇ ਹਾਂ, ਉਹ ਹਨ ਕਿਸਾਨੀ ਅਤੇ ਮਜ਼ਦੂਰ ਜਮਾਤ।" ਸਾਡੀ ਸਭ ਤੋਂ ਭਰੋਸੇਯੋਗ ਸ਼ਕਤੀ ਹੈ ਜਥੇਬੰਦ ਮਜ਼ਦੂਰ ਜਾਂ ਜਿਵੇਂ ਲੈਨਿਨ ਨੇ ਸਿਖਾਇਆ ਸੀ ਮਜ਼ਦੂਰ ਜਮਾਤ ਦੇ ਸਭ ਤੋਂ ਵਿਕਸਤ, ਉੱਨਤ ਹਿੱਸਿਆਂ ਤੋਂ ਬਣੀ ਕਮਿਊਨਿਸਟ ਪਾਰਟੀ ਅਤੇ ਇਸਦੀ ਅਗਵਾਈ ਵਿਚ ਮਜ਼ਦੂਰ ਜਮਾਤ ਅਤੇ ਕਿਸਾਨੀ ਦਾ ਗੱਠਜੋੜ। "ਇਨ-ਕਲਾਬੀ ਪਰੋਗਰਾਮ ਦਾ ਖਰੜਾ" ਕਹਿੰਦਾ ਹੈ : "ਇਨਕਲਾਬ ਬਹੁਤ ਮੁਸ਼ਕਲ ਕੰਮ ਹੈ। ਇਹ ਕਿਸੇ ਇਕ ਆਦਮੀ ਦੀ ਸ਼ਕਤੀ ਤੋਂ ਬਾਹਰੀ ਗੱਲ ਹੈ, ਨਾ ਹੀ ਇਹ ਕਿਸੇ ਮਿਥੀ ਤਾਰੀਖ ਨੂੰ ਆ ਸਕਦਾ ਹੈ। ਇਹ ਤਾਂ ਖਾਸ ਸਮਾਜੀ ਤੇ ਆਰਥਿਕ ਹਾਲਤ ਵਿਚੋਂ ਪੈਦਾ ਹੁੰਦਾ ਹੈ ਅਤੇ ਇਕ ਜਥੇਬੰਦ ਪਾਰਟੀ ਨੇ ਇਸ ਮੌਕੇ ਨੂੰ ਸਾਂਭਣਾ ਹੁੰਦਾ ਹੈ ਅਤੇ ਜਨਤਾ ਨੂੰ ਤਿਆਰ ਕਰਨਾ ਹੁੰਦਾ ਹੈ ਅਤੇ ਇਨਕਲਾਬ ਦੇ ਮੁਸ਼ਕਲ ਕੰਮ ਲਈ ਸਭ ਸ਼ਕਤੀਆਂ ਨੂੰ ਸੰਗਠਤ ਕਰਨਾ ਹੁੰਦਾ ਹੈ। ਤੇ ਇਸ ਕੰਮ ਲਈ ਸਾਨੂੰ ਕਿਹੋ ਜਹੇ ਕਾਰਕੁਨਾਂ ਦੀ ਜ਼ਰੂਰਤ ਹੈ : "ਅਸੀਂ ਤਾਂ ਲੈਨਿਨ ਦੇ ਅਤਿ ਪਿਆਰੇ ਲਫ਼ਜ਼ ਪੇਸ਼ਾਵਰ ਇਨਕਲਾਬੀ ਨੂੰ ਪਰਤਣਾ ਚਾਹਾਂਗੇ। ਕੁਲਵਕਤੀ ਵਰਕਰ ਜਿਹਨਾਂ ਦੀ ਇਨਕਲਾਬ ਦੇ ਬਿਨਾਂ ਹੋਰ ਜ਼ਿੰਦਗੀ ਦੀ ਕੋਈ ਖ਼ਾਹਸ਼ ਨਾ ਹੋਵੇ। ਜਿੰਨੇ ਵਧੇਰੇ ਅਜਿਹੇ ਵਰਕਰ ਪਾਰਟੀ ਵਿਚ ਜਥੇਬੰਦ ਹੋਣਗੇ, ਓਨੇ ਹੀ ਕਾਮਯਾਬੀ ਦੇ ਵਧੇਰੇ ਮੌਕੇ ਹੋਣਗੇ।"

ਅੱਜ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸੰਸਾਰ ਸਮਾਜਵਾਦ, ਸੰਸਾਰ ਇਨਕਲਾਬੀ ਅਮਲ ਅਤੇ ਭਾਰਤ ਦੀ ਇਨਕਲਾਬੀ ਲਹਿਰ ਦੇ ਸਮੁੱਚੇ ਸਿਧਾਂ-ਤਕ ਅਸਲਾ ਖਾਨੇ ਨੂੰ ਵਰਤੋਂ ਵਿਚ ਲਿਆਣਾ ਬਹੁਤ ਮਹੱਤਵਪੂਰਨ ਹੈ। ਅੱਜ ਸਾਡੇ ਦੇਸ਼ ਵਿਚ ਸਮਾਜਵਾਦੀ ਸਾਹਿਤ ਲਗਭਗ ਹਰ ਬੋਲੀ ਵਿਚ ਸੌਖਿਆਂ ਹੀ ਮਿਲ ਜਾਂਦਾ ਹੈ, ਪਰ ਬਹੁਤੀ ਵਾਰੀ ਇਹ ਅਣਵਰਤਿਆ ਰਹਿ ਜਾਂਦਾ ਹੈ। "ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ" ਵਧੇਰੇ ਹੀ ਵਧੇਰੇ ਨੌਜਵਾਨਾਂ ਨੂੰ ਮਾਰਕਸ ਵਾਦ-ਲੈਨਿਨਵਾਦ ਦੇ ਸਜੀਵ ਰਚਨਾਤਮਕ ਖਜ਼ਾਨੇ ਨੂੰ ਗਹਿਰਾਈ ਵਿਚ ਸਮਝਣ ਦੇ ਯੋਗ ਬਣਾਉਣ ਲਈ, ਸਾਡੇ ਸਮੇਂ ਦੇ ਅਹਿਮ ਸਵਾਲਾਂ ਪ੍ਰਤੀ ਉਹਨਾਂ ਦੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਆਧਾਰ ਪ੍ਰਦਾਨ ਕਰਨ ਲਈ ਅਤੇ ਇੰਜ ਇਨਕਲਾਬੀ ਲਹਿਰ ਨੂੰ ਤਕੜਾ ਕਰਨ ਵੱਲ ਇਕ ਸ਼ਲਾਘਾਯੋਗ ਉਦਮ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼; 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120ਰੁ

ਇਹ ਨੁੱਕਰ ਨਾਟਕ, ਜੋ ਕ੍ਰਿਸ਼ਨ ਚੰਦਰ ਦੀ ਇਕ ਕਹਾਣੀ ਤੇ ਆਧਾਰਤ ਹੈ, ਅਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਇਕ ਨਾਟਕ ਵਰਕਸ਼ਾਪ ਵਿਚ ਤਿਆਰ ਕੀਤਾ ਗਿਆ। ਵਰਕਸ਼ਾਪ ਵਿਚ ਹਿੱਸਾ ਲੈਣ ਵਾਲੇ ਕਲਾਕਾਰ ਸਨ, ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਸਤਵਿੰਦਰ, ਗੁਲਸ਼ਨ, ਬਚਿਤਰ, ਸੁਖਦੇਵ ਅਤੇ ਹਰਪਾਲ। ਇਹ ਨਾਟਕ ਇਸ ਤਰਾਂ ਤਿਆਰ ਕੀਤਾ ਗਿਆ ਕਿ ਇਹ ਨੁੱਕਰ 'ਚ ਵੀ ਖੇਡਿਆ ਜਾ ਸਕੇ ਤੇ ਬਾਕਾਇਦਾ ਮੰਚ ਤੇ ਵੀ।

ਨਾਟਕ ਸ਼ੁਰੂ ਹੋਣ ਤੇ ਪਿੱਠ-ਭੂਮੀ ਤੋਂ ਆਵਾਜ਼ਾਂ ਆਂਦੀਆਂ ਹਨ, "ਫੜ ਲਓ, ਫੜ ਲਓ, ਇਹੀ ਉਹ ਆਦਮੀ ਹੈ ਜੋ ਬੱਚੇ ਨੂੰ ਪੰਘੂੜੇ ਵਿਚ ਪਾਕੇ ਗਿਆ ਹੈ"– ਇਕ ਸਿਪਾਹੀ ਇਕ ਵਿਯਕਤੀ ਨੂੰ ਗਲੇ ਤੋਂ ਫੜਕੇ ਸਟੇਜ ਤੇ ਲਿਆਕੇ ਸੁੱਟਦਾ ਹੈ। ਇਸੇ ਹੀ ਐਕਸ਼ਨ ਵਿਚ ਇਹ ਦੋਨੋਂ ਪਾਤਰ ਫਰੀਜ਼ ਹੋ ਜਾਂਦੇ ਹਨ।

(ਨੋਟ : ਨਾਟਕੀ ਸ਼ਬਦਾਵਲੀ ਵਿਚ ਫਰੀਜ਼ ਹੋਣ ਤਾਂ ਮੁਤਲਬ ਹੈ ਕਿ ਇਕ ਵਿਸ਼ੇਸ਼ ਮੁੱਦਰਾ ਵਿਚ ਬੇਹਰਕਤ ਹੋ ਜਾਣਾ)

ਨਾਟਕਕਾਰ : ਹਾਂ ਇਹੀ ਉਹ ਵਿਅਕਤੀ ਹੈ, ਜਿਹੜਾ ਇਸ ਬੱਚੇ ਨੂੰ ਪੰਘੂੜੇ ਵਿਚ ਪਾਕੇ ਗਿਆ ਹੈ (ਮੰਚ ਉਤੇ ਇਕ ਥਾਂ ਤੇ ਉਂਗਲ ਕਰਕੇ) ਇਥੇ ਇਕ ਪੰਘੂੜਾ ਹੈ। ਇਹ ਇਕ ਬਿਲਡਿੰਗ ਦੇ ਬਾਹਰ ਹੈ, ਜਿੱਥੇ ਅਨਾਥ ਬੱਚਿਆਂ ਨੂੰ ਪਾਲਿਆ ਜਾਂਦਾ ਹੈ। ਇਹਨੂੰ ਅਨਾਥ ਆਸ਼ਰਮ ਵੀ ਕਹਿ ਸਕਦੇ ਹਾਂ ਜਾਂ ਯਤੀਮ-ਖਾਨਾ ਵੀ। ਇਸ ਪੰਘੂੜੇ ਵਿਚ ਕੋਈ ਵੀ ਕਿਸੇ ਐਸੇ ਬੱਚੇ ਨੂੰ ਚੋਰੀ ਜਾਂ ਜ਼ਾਹਰਾ ਰੱਖਕੇ ਜਾ ਸਕਦਾ ਹੈ, ਜਿਸਦੇ ਮਾਂ ਬਾਪ ਦੀ ਪਹਿਚਾਣ ਨਹੀਂ ਕੀਤੀ ਜਾ ਸਕਦੀ ਜਾਂ ਇਹ ਕਹਿ ਲਵੋ, ਜਿਹੜਾ ਬੱਚਾ ਇਥੇ ਰਖਿਆ ਜਾਂਦਾ ਹੈ, ਉਹ ਲਾਵਾਰਸ ਹੁੰਦਾ ਹੈ। (ਦਰਸ਼ਕਾਂ ਵੱਲ) ਕੀ ਕਿਹਾ, ਤੁਹਾਨੂੰ ਇਥੇ ਪੰਘੂੜਾ ਨਹੀਂ ਦਿੱਸਦਾ ਤੇ ਨਾ ਹੀ ਕੋਈ ਬਿਲਡਿੰਗ ਦਿਸਦੀ ਹੈ। ਬਈ ਇਹ ਨਾਟਕ ਹੈ; ਤੁਹਾਨੂੰ ਇਹ ਕਲਪਨਾ ਕਰਨੀ ਪਏਗੀ ਕਿ ਇਥੇ ਪੰਘੂੜਾ ਵੀ ਹੈ ਤੇ ਬਿਲਡਿੰਗ ਵੀ ਹੈ, ਘਰੋਂ ਨਾਟਕ ਵੇਖਣ ਆ ਗਏ ਹੋ ਤਾਂ ਇਤਨੀ ਤਾਂ ਸੂਝ ਹੋਣੀ ਹੀ ਚਾਹੀਦੀ ਹੈ, ਮੈਂ ਹੁਣ ਤੁਹਾਡੇ ਲਈ ਸਟੇਜ ਤੇ ਬਿਲਡਿੰਗ ਤਾਂ ਨਹੀਂ ਖੜੀ ਕਰ ਸਕਦਾ ਤੇ ਨਾ ਹੀ ਪੰਘੂੜਾ ਚੁੱਕੀ ਫਿਰਦਾ ਹਾਂ। ਹਾਂ, ਇਹ ਬੰਦਾ ਬੜੀ ਮਸ਼ਕੂਕ ਹਾਲਤ ਵਿਚ ਇਕ ਬੱਚੇ ਨੂੰ ਪੰਘੂੜੇ ਵਿਚ ਪਾ ਗਿਆ ਹੈ। ਇਸ ਲਈ ਹੌਲਦਾਰ ਜੋ ਅਮਨ ਤੇ ਕਾਨੂੰਨ ਦਾ ਰਾਖਾ ਹੈ, ਇਸਨੂੰ ਫੜ ਲਿਆਇਆ ਹੈ। ਇਥੇ ਹੀ ਇਹ ਨਾਟਕ ਸ਼ੁਰੂ ਹੁੰਦਾ ਹੈ।

(ਨਾਟਕਕਾਰ ਬਾਹਰ ਜਾਂਦਾ ਹੈ ਦੋਨੋਂ ਪਾਤਰ ਹਰਕਤ ਵਿਚ ਆਂਦੇ ਹਨ)

ਹਵਾਲਦਾਰ : ਤੂੰ ਕੀਹਦਾ ਬੱਚਾ ਪੰਘੂੜੇ ਵਿਚ ਛੱਡਕੇ ਆਇਆਂ ਏਂ।

ਵਿਅਕਤੀ : ਹਵਾਲਦਾਰ ਜੀ, ਮੈਨੂੰ ਮੁਆਫ ਕਰੋ, ਮੈਂ ਦਸਦਾ ਹਾਂ, ਮੈਂ ਸਭ ਕੁਝ ਦਸਦਾ ਹਾਂ।

ਹਵਾਲਦਾਰ : ਕੀਹਦਾ ਬੱਚਾ ਏ ਇਹ ? ਜਲਦੀ ਬੋਲ।

ਵਿਅਕਤੀ : ਮੇਰਾ ਬੱਚਾ ਏ ?

ਹਵਾਲਦਾਰ : ਕੀ ਇਹ ਹਰਾਮ ਦਾ ਬੱਚਾ ਏ, ਜੋ ਇਸਨੂੰ ਚੋਰੀ ਛੱਡ ਚਲਿਐਂ ?

ਵਿਅਕਤੀ : ਨਹੀਂ ਜਨਾਬ, ਇਹ ਮੇਰੀ ਬੀਵੀ ਦਾ ਬੱਚਾ ਏ।

ਹਵਾਲਦਾਰ : ਤੇਰੀ ਬੀਵੀ ਦਾ ਬੱਚਾ ਏ, ਤਾਂ ਫਿਰ ਤੂੰ ਇਸਨੂੰ ਪੰਘੂੜੇ ਵਿਚ ਕਿਉਂ ਪਾ ਚਲਿਆ ਏਂ ? ਤੇਰੀ ਬੀਵੀ ਕਿਹੋ ਜਿਹੀ ਮਾਂ ਏ ? ਉਹਨੇ ਤੈਨੂੰ ਇੰਝ ਕਰਨ ਦੀ ਇਜਾਜ਼ਤ ਕਿਸ ਤਰ੍ਹਾਂ ਦਿਤੀ ਏ ?

ਵਿਅਕਤੀ : ਹਵਾਲਦਾਰ ਜੀ, ਉਹ ਮਰ ਗਈ ਏ ?

ਹਵਾਲਦਾਰ : ਮਰ ਗਈ ਏ, ਕਿਵੇਂ ?

ਵਿਅਕਤੀ : ਹਸਪਤਾਲ ਵਿਚ ਬਗੈਰ ਦਵਾਈ ਦੇ, ਦਸ ਦਿਨ ਹੋਏ ਇਕ ਮਹੀਨੇ ਦਾ ਇਹ ਬੱਚਾ ਛੱਡਕੇ ਮਰ ਗਈ ਏ –ਹਾਂ ਮਰ ਗਈ ਏ।

(ਪਲ ਦਾ ਪਲ ਬੇਹਰਕਤ ਹੁੰਦਾ ਹੈ, ਹਵਾਲਦਾਰ ਵੀ ਬੇਹਰਕਤ ਹੁੰਦਾ ਹੈ। ਉਹ ਵਿਅਕਤੀ ਇਕੱਲਾ ਹੀ (Mono Acting ਵਿਚ) ਇਕ ਨਿੱਕਾ ਜਿਹਾ ਨਾਟਕ ਕਰਦਾ ਹੈ )

–ਡਾਕਟਰ ਸਾਹਿਬ ਮੇਰੀ ਬੀਵੀ ਨੂੰ ਬਚਾ ਲਵੋ

–ਅਸੀਂ ਕੋਸ਼ਿਸ਼ ਕਰ ਰਹੇ ਹਾਂ (ਕੁਝ ਲਿਖਦੇ ਹੋਏ) ਤੂੰ ਇਹ ਸਾਰੀਆਂ ਦਵਾਈਆਂ ਲੈ ਆ।

–ਮੈਂ ਕਿਥੋਂ ਲਿਆਵਾਂਗਾ–ਮੇਰੇ ਕੋਲ ਇਕ ਪੈਸਾ ਵੀ ਨਹੀਂ, ਮੈਂ ਛੇ ਮਹੀਨੇ ਤੋਂ ਬੇਰੁਜ਼ਗਾਰ ਹਾਂ।

–ਸੌਰੀ, ਅਸੀਂ ਇਸ ਵਿਚ ਕੁਝ ਨਹੀਂ ਕਰ ਸਕਦੇ

(ਦੋਨੋਂ ਪਾਤਰ ਫੇਰ ਪਹਿਲੇ ਵਾਲੀ ਹਾਲਤ ਵਿਚ ਆ ਜਾਂਦੇ ਹਨ)

ਵਿਅਕਤੀ : ਤੇ ਹਵਾਲਦਾਰ ਜੀ, ਮੈਂ ਦਵਾਈ ਲਿਆ ਨਾ ਸਕਿਆ। ਉਹ ਮਰ ਗਈ ਤੇ ਇਸ ਇਕ ਮਹੀਨੇ ਦੀ

ਮਲੂਕੜੀ ਜਿਹੀ ਜਿੰਦੜੀ ਨੂੰ ਛੱਡ ਗਈ। ਇਹਨੂੰ ਦੁੱਧ ਚਾਹੀਦੈ, ਮੇਰੇ ਕੋਲ ਇਹਨੂੰ ਦੁੱਧ ਦੇਣ ਲਈ ਕੁਝ ਨਹੀਂ, ਮੈਂ ਸੋਚਿਆ ਕਿ ਇਸ ਯਤੀਮਖਾਨੇ ਵਿਚ ਲੋਕ ਇਸਨੂੰ ਪਾਲ ਲੈਣਗੇ। ਏਸੇ ਕਰਕੇ ਇਸਨੂੰ ਪੰਘੂੜੇ ਵਿਚ ਰੱਖ ਚਲਿਆ ਹਾਂ।

ਹਵਾਲਦਾਰ : ਤੈਨੂੰ ਪਤਾ ਹੈ ਇਥੇ ਇਹ ਕਿਵੇਂ ਰਹੇਗਾ ? ਮਾਂ ਬਾਪ ਦੇ ਹੁੰਦਿਆਂ ਹੋਇਆਂ ਵੀ ਸਾਰੀ ਜ਼ਿੰਦਗੀ ਮਾਂ ਬਾਪ ਵਿਹੂਣਾ ਕਹਾਏਗਾ।

ਵਿਅਕਤੀ : ਪਰ ਜਿਊਂਦਾ ਤਾਂ ਰਹੇਗਾ, ਜਿਊਂਦਾ ਤਾਂ ਰਹੇਗਾ।

ਹਵਾਲਦਾਰ : ਵੱਡਾ ਹੋਵੇਗਾ ਤਾਂ ਲੋਕ ਇਹਦੇ ਕੋਲੋਂ ਪੁੱਛਣਗੇ – ਤੇਰਾ ਬਾਪ ਕੌਣ ਏਂ ? ਤਾਂ ਕੀ ਜਵਾਬ ਦੇਵੇਗਾ ?

ਵਿਅਕਤੀ : (ਹੁਣ ਪਾਗਲਾਂ ਵਾਂਗ ਹੱਸਦਾ ਹੈ) ਕੀ ਜਵਾਬ ਦੇਵੇਗਾ ? ਇਹ ਜਵਾਬ ਨਹੀਂ ਦੇਵੇਗਾ, ਸਗੋਂ ਸਵਾਲ ਪੁੱਛੇਗਾ। ਉਹ ਸਵਾਲ ਜਿਹੜਾ ਮੈਂ ਨਹੀਂ ਪੁੱਛ ਸਕਿਆ। ਹਾਂ ਹੌਲਦਾਰ ਜੀ, ਇਹ ਸਵਾਲ ਪੁੱਛੇਗਾ ਕਿ ਇਹਦੀ ਮਾਂ ਹਸਪਤਾਲ ਵਿਚ ਬਗੈਰ ਦਵਾਈ ਦੇ ਕਿਉਂ ਮਰੀ ? ਇਹ ਸਵਾਲ ਪੁੱਛੇਗਾ ਕਿ ਇਹਦਾ ਬਾਪ ਛੇ ਮਹੀਨੇ ਤੋਂ ਬੇਕਾਰ ਕਿਉਂ ਏ ? ਤੇ ਹਵਾ–ਲਦਾਰ ਜੀ ਜਦੋਂ ਇਹ ਸਵਾਲ ਪੁੱਛਣ ਦੇ ਕਾਬਲ ਹੋ ਗਿਆ ਤਾਂ ਫੇਰ ਇਹ ਦੁਨੀਆਂ ਇਹੋ ਦੁਨੀਆਂ ਨਹੀਂ ਰਹੇਗੀ। ਕੋਈ ਭੁਚਾਲ ਜ਼ਰੂਰ ਆਏਗਾ ਤੇ ਤੁਹਾਡਾ ਇਹ ਡੰਡਾ ਫੇਰ ਗਰੀਬਾਂ ਤੇ ਵਰ੍ਹਨ ਵਾਲਾ ਡੰਡਾ ਨਹੀਂ ਰਹੇਗਾ।

ਹਵਾਲਦਾਰ : ਚੁੱਪ ਕਰ ਬਕਵਾਸ ਨਾ ਕਰ।

ਵਿਅਕਤੀ : (ਬਗੈਰ ਹਵਾਲਦਾਰ ਦੀ ਗੱਲ ਵੱਲ ਧਿਆਨ ਦਿਤੇ, ਬੱਚੇ ਨੂੰ ਸੰਬੋਧਨ ਕਰਦਾ ਹੈ।) ਚੁੱਪ ਕਰ ਜਾ ਬਕਵਾਸ ਨਾ ਕਰ, ਹੌਲਦਾਰ ਜੀ ਮਾਰਨਗੇ। (ਬੁੱਲ੍ਹਾਂ ਤੇ ਹੱਥ ਰੱਖ ਕੇ)...ਚੁੱਪ ਕਰ ਜਾ।

ਬੱਚੇ ਕੋਲ ਬੈਠ ਜਾਂਦਾ ਹੈ।
(ਇਸੇ ਹੀ ਮੁਦਰਾ ਵਿਚ ਫੇਰ ਫਰੀਜ਼ ਹੋ ਜਾਂਦੇ ਹਨ )

(ਇਸ ਚੁੱਪ ਦੀ ਸ਼ੀ ਵਿਚ ਇਕ ਨੁੱਕਰ ਵਿਚੋਂ ਇਕ ਬਜ਼ੁਰਗ ਪਾਤਰ ਏਧਰ ਉਧਰ ਵੇਖਦਾ ਬੜੀ ਭੈਤ ਭਰੀ ਹਾਲਤ ਵਿਚ ਆ ਕੇ ਇਕ ਬੱਚੇ ਨੂੰ ਪੰਘੂੜੇ ਵਿਚ ਪਾਂਦਾ ਹੈ, ਫੇਰ ਜਾਣ ਲਗਦਾ ਹੈ ਤਾਂ ਹਵਾਲਦਾਰ ਉਚੀ ਸਾਰੀ ਆਵਾਜ਼ ਦੇਂਦਾ ਹੈ।)

ਹਵਾਲਦਾਰ : ਠਹਿਰ। (ਬਜ਼ੁਰਗ ਸਹਿਮ ਕੇ ਠਹਿਰ ਜਾਂਦਾ ਹੈ।) ਇਹ ਕਿਸਦਾ ਬੱਚਾ ਹੈ ?

ਬਜ਼ੁਰਗ : ਮੇਰੀ ਧੀ ਦਾ।

ਹਵਾਲਦਾਰ : ਕਿਥੇ ਰਹਿੰਦੀ ਹੈ ਉਹ ?

ਬਜ਼ੁਰਗ : ਸਿਰਕੀ ਵਾਲੀ ਗਲੀ ਵਿਚ।

ਹਵਾਲਦਾਰ : ਬੱਚੇ ਨੂੰ ਵਾਪਸ ਲੈ ਜਾ।

ਬਜ਼ੁਰਗ : ਨਹੀਂ ਲਿਜਾ ਸਕਦਾ, ਹਾਲੇ ਤਾਂ ਮੈਂ ਆਪਣੀ ਧੀ ਨੂੰ ਨਹੀਂ ਵਾਪਸ ਲਿਜਾ ਸਕਦਾ।

ਹਵਾਲਦਾਰ ਕਿਉਂ ?

ਬਜ਼ੁਰਗ : ਲੋਕ ਕੀ ਕਹਿਣਗੇ !

ਹਵਾਲਦਾਰ : ਲੋਕ ਕਿਉਂ ਕੁਝ ਕਹਿਣਗੇ ?

ਬਜ਼ੁਰਗ : ਹਾਲੇ ਮੇਰੀ ਧੀ ਕੁਆਰੀ ਹੈ।

ਹਵਾਲਦਾਰ : ਫੇਰ ਇਹ ਬੱਚਾ ਕਿਥੋਂ ਆ ਗਿਆ ?

ਵਿਅਕਤੀ (1) : (ਪਾਗਲਾਂ ਵਾਂਗ) ਬਾਬਾ ਆਦਮ ਤੇ ਮਾਈ ਹਵਾ ਨੇ ਗੁਨਾਹ ਕੀਤਾ ਤੇ ਬੱਚਾ ਆ ਗਿਆ।

ਹਵਾਲਦਾਰ : ਤੂੰ ਬਕਵਾਸ ਨਾ ਕਰ।

ਵਿਅਕਤੀ : (ਬੱਚੇ ਨੂੰ ਸੰਬੋਧਨ) ਹਾਂ ਤੂੰ ਬਕਵਾਸ ਨਾ ਕਰ, ਹੌਲਦਾਰ ਜੀ ਡੰਡਾ ਮਾਰਨਗੇ।

ਹਵਾਲਦਾਰ : ਉਹ ਬਦਮਾਸ਼ ਕਿੱਥੇ ਐ, ਜੋ ਇਸ ਬੱਚੇ ਦਾ ਬਾਪ ਹੈ ?

ਬਜ਼ੁਰਗ : ਉਸਨੇ ਆਪਣੀ ਬਦਲੀ ਮਦਰਾਸ ਕਰਵਾ ਲਈ ਹੈ।

ਹਵਾਲਦਾਰ : ਤੇਰੀ ਧੀ ਉਹਦੇ ਚੱਕਰ ਵਿਚ ਫਸੀ ਕਿਸ ਤਰਾਂ ?

ਬਜ਼ੁਰਗ : ਉਹ ਉਸ ਦਫਤਰ ਵਿਚ ਅਫਸਰ ਸੀ, ਜਿਥੇ ਉਹ ਕੰਮ ਕਰਦੀ ਸੀ, ਪਹਿਲੇ ਤਾਂ ਕਹਿੰਦਾ ਸੀ ਕਿ ਵਿਆਹ ਕਰਵਾ ਲਵਾਂਗਾ, ਫੇਰ ਬਦਲੀ ਕਰਵਾ ਕੇ ਮਦਰਾਸ ਚਲਿਆ ਗਿਆ।

ਹਵਾਲਦਾਰ : ਤੁਸੀਂ ਵੀ ਉਹਦੇ ਮਗਰ ਜਾਣਾ ਸੀ, ਉਹਦੇ ਤੇ ਮੁਕੱਦਮਾ ਕਰਨਾ ਸੀ।

ਵਿਅਕਤੀ (1) : (ਫੇਰ ਹਰਕਤ ਵਿਚ ਆਉਂਦਾ ਹੈ) ਮੁਕੱਦਮਾ ? ਹਾਂ ਮੁਕੱਦਮਾ ਕਰਨਾ ਸੀ, ਉਹਨੂੰ ਕਾਨੂੰਨ ਤੋਂ ਸਜ਼ਾ ਦਿਵਾਣੀ ਸੀ, ਭਾਰਤ ਦਾ ਕਾਨੂੰਨ, ਜਿਸ 'ਚ ਢੇਰ ਸਾਰੀਆਂ ਕਚਹਿਰੀਆਂ ਨੇ, ਛੋਟੀ ਕਚਹਿਰੀ, ਵੱਡੀ ਕਚਹਿਰੀ, ਹਾਈ ਕੋਰਟ, ਸੁਪਰੀਮ ਕੋਰਟ।

(ਮੋਨੋ-ਐਕਟਿੰਗ ਵਿਚ ਵਿਅਕਤੀ ਕਚਹਿਰੀ ਦੀ ਨਕਲ ਕਰਦਾ ਹੈ, ਜੱਜ ਬਣਦਾ ਹੈ, ਫਰਿਆਦੀ ਬਣਦਾ ਹੈ )

—ਆਰਡਰ, ਆਰਡਰ, ਮੁਕੱਦਮਾ ਪੇਸ਼ ਕੀਤਾ ਜਾਏ।

—ਮੀ ਲਾਰਡ, ਇਹ ਜੋ ਮੁਲਜ਼ਮ ਕਟਹਿਰੇ ਵਿਚ ਖੜਾ ਹੈ, ਇਹਦਾ ਜੁਰਮ ਇਹ ਹੈ ਕਿ ਇਸਨੇ ਇਕ ਭੋਲੀ ਭਾਲੀ ਕੁੜੀ ਨੂੰ ਆਪਣੇ ਜਾਲ ਵਿਚ ਫਸਾਇਆ ਅਤੇ ਜਦੋਂ ਇਸਨੂੰ ਪਤਾ ਲੱਗਾ ਕਿ ਕੁੜੀ ਉਹਦੇ ਬੱਚੇ ਦੀ ਮਾਂ ਬਣਨ ਵਾਲੀ ਹੈ ਤਾਂ ਉਹਨੂੰ ਛੱਡ ਕੇ ਚਲਾ

ਗਿਆ।

—ਤੇਰੇ ਕੋਲ ਕੀ ਸਬੂਤ ਹੈ ਕਿ ਇਹ ਬੱਚਾ ਉਹਦਾ ਹੀ ਬੱਚਾ ਹੈ ?

—ਇਸ ਗੱਲ ਦਾ ਸਬੂਤ ਕਿਸ ਤਰਾਂ ਹੋ ਸਕਦੈ, ਮੀਲਾਰਡ।

—ਜੇ ਸਬੂਤ ਨਹੀਂ ਤਾਂ ਮੁਕੱਦਮਾ ਕਿਸ ਤਰਾਂ ਹੋ ਸਕਦੈ ?

—ਮੈਂ ਤੁਹਾਡੇ ਉਤੇ ਇਕ ਸਵਾਲ ਕਰਦਾ ਹਾਂ। ਤੁਹਾਡੇ ਕੋਲ ਕੀ ਸਬੂਤ ਹੈ ਕਿ ਤੁਸੀਂ ਉਸੇ ਬਾਪ ਦੇ ਪੁੱਤਰ ਹੋ, ਜਿਸਦਾ ਨਾਂ ਤੁਹਾਡੇ ਬਾਪ ਦੇ ਨਾਂ ਦੇ ਤੌਰ ਤੇ ਜਾਣਿਆ ਜਾਂਦਾ ਹੈ। (ਹਾਸਾ)

—ਹੱਸੋ ਨਹੀਂ, ਇਹ ਕੋਰਟ ਹੈ

—ਹਾਂ ਹੱਸੋ ਨਹੀਂ, ਇਹ ਭਾਰਤ ਸਰਕਾਰ ਦੀ ਕੋਰਟ ਏ, ਇਥੇ ਹਰ ਕੰਮ ਕਾਨੂੰਨ ਰਾਹੀਂ ਹੁੰਦਾ ਹੈ।

—ਆਰਡਰ—ਆਰਡਰ—ਸਬੂਤ ਨਹੀਂ, ਇਸ ਲਈ ਮੁਕੱਦਮਾ ਖਾਰਜ ਕੀਤਾ ਜਾਂਦਾ ਹੈ।

(ਵਿਅਕਤੀ ਫੇਰ ਬੈਠ ਜਾਂਦਾ ਹੈ)

ਬਜ਼ੁਰਗ : ਹਾਂ ਜਨਾਬ, ਮੈਂ ਮੁਕੱਦਮਾ ਨਹੀਂ ਕਰ ਸਕਦਾ, ਇਹਦੇ ਨਾਲ ਤਾਂ ਸਗੋਂ ਸਾਡੀ ਬਹੁਤੀ ਬਦਨਾਮੀ ਹੋਵੇਗੀ। ਮੇਰੀ ਧੀ ਹਾਲੇ ਕੁਆਰੀ ਹੈ, ਹਾਲੀ ਤਾਂ ਕਿਸੇ ਨੂੰ ਕੁਝ ਵੀ ਨਹੀਂ ਪਤਾ, ਹਾਲੀ ਤਾਂ ਕਿਸੇ ਨੂੰ ਕੁਝ ਵੀ ਨਹੀਂ ਪਤਾ, ਅਜੇ ਤਾਂ ਮੈਂ ਇਸਨੂੰ ਕਿਸੇ ਹੋਰ ਥਾਂ ਵੀ ਵਿਆਹ ਸਕਦਾ ਹਾਂ।

ਹਵਾਲਦਾਰ : ਰਤਾ ਸੋਚ ਬਾਬਾ, ਤੂੰ ਇਸ ਬੱਚੇ ਦਾ ਨਾਨਾ ਏਂ, ਤੇਰਾ ਦੋਹਤਾ ਏ, ਜੀਵਨ ਭਰ ਤੂੰ ਸ਼ਾਇਦ ਦੋਹਤੇ ਨੂੰ ਖਿਡਾਉਣ ਦਾ ਸੁਪਨਾ ਵੇਖਿਆ ਹੋਏਗਾ। ਰਤਾ ਸੋਚ, ਇਹ ਜਦੋਂ ਇਸ ਆਲੇ ਦੁਆਲੇ ਵਿਚ ਪਲੇਗਾ ਤਾਂ ਇਸ ਉਤੇ ਕਿੰਨਾ ਮਾਨਸਿਕ ਬੋਝ ਹੋਵੇਗਾ। ਮੇਰੇ ਆਖੇ ਲੱਗਕੇ ਇਸ ਬੱਚੇ ਨੂੰ ਵਾਪਸ ਲੈ ਜਾ। ਮਾਂ ਦਾ ਪਿਆਰ ਦੇ, ਨਾਨੇ ਨਾਨੀ ਦਾ ਲਾਡ ਦੇ, ਇਹਨੂੰ ਤੇਰੇ ਘਰ ਜਿਊਣ ਦਾ ਓਨਾਂ ਹੀ ਹੱਕ ਏ, ਜਿੰਨਾ ਤੇਰੀ ਧੀ ਨੂੰ।

ਬਜ਼ੁਰਗ : ਹਾਂ, ਇਹ ਤਾਂ ਠੀਕ ਹੈ।

ਹਵਾਲਦਾਰ : ਰਹੀ ਵਿਆਹ ਦੀ ਗੱਲ, ਹੁਣ ਸਾਡਾ ਦੇਸ਼ ਏਨਾ ਪਛੜਿਆ ਹੋਇਆ ਨਹੀਂ, ਤੈਨੂੰ ਉਚੇ ਆਦਰਸ਼ਾਂ ਵਾਲੇ ਅਜਿਹੇ ਹਜ਼ਾਰਾਂ ਨੌਜਵਾਨ ਮਿਲ ਜਾਣਗੇ, ਜੋ ਤੇਰੀ ਧੀ ਦੀ ਦੁਖਦਾਈ ਵਾਰਤਾ ਸੁਣਕੇ, ਉਸ ਨਾਲ ਵਿਆਹ ਕਰਨ ਲਈ ਤਿਆਰ ਹੋ ਜਾਣਗੇ।

(ਬਜ਼ੁਰਗ ਦੀਆਂ ਅੱਖਾਂ ਵਿਚ ਪਲ ਦੇ ਪਲ ਰੌਸ਼ਨੀ ਆਉਂਦੀ ਹੈ)

ਵਿਅਕਤੀ (1) : (ਵਿਚੋਂ ਹੀ) ਕੀ ਤੁਸੀਂ ਇਹਦੀ ਧੀ ਨਾਲ ਵਿਆਹ ਕਰੋਗੇ ?

ਹਵਾਲਦਾਰ : ਮੈਂ...ਮੈਂ...(ਤੇਜ਼ੀ ਵਿਚ ਹੱਥ ਅੱਤ ਦੇਂਦਾ ਹੈ।

(ਸਾਰਾ ਐਕਸ਼ਨ ਪਲ ਦੇ ਪਲ ਲਈ ਫਰੀਜ਼ ਹੋ ਜਾਂਦਾ ਹੈ)

(ਫੇਰ ਰੌਲਾ ਪੈਂਦਾ ਹੈ। ਬਜ਼ੁਰਗ ਤੇ ਹਵਾਲਦਾਰ ਇਕ ਪਾਸੇ ਜਾਂਦੇ ਹਨ ਤੇ ਬਾਹਰ ਵੱਲ ਵੇਖ ਕੇ ਗੱਲਾਂ ਕਰਦੇ ਹਨ)

ਹਵਾਲਦਾਰ : ਇਹ ਰੌਲਾ ਕਾਹਦਾ ਹੈ ?

ਬਜ਼ੁਰਗ : ਇਹ ਤਾਂ ਕਿਸੇ ਮਕਾਨ ਨੂੰ ਅੱਗ ਲੱਗ ਗਈ ਏ।

ਹਵਾਲਦਾਰ : ਇਹ ਕਿਸੇ ਮਕਾਨ ਨੂੰ ਨਹੀਂ, ਬਹੁਤ ਸਾਰੇ ਮਕਾਨਾਂ ਨੂੰ ਅੱਗ ਲੱਗ ਗਈ ਏ।

ਬਜ਼ੁਰਗ : (ਘਬਰਾ ਕੇ) ਇਹ ਤਾਂ ਫਸਾਦ ਹੋ ਗਿਆ।

ਹਵਾਲਦਾਰ : ਫਸਾਦ ?

ਬਜ਼ੁਰਗ : ਹਾਂ ਫਸਾਦ...ਦੋ ਧਰਮਾਂ ਦੇ ਲੋਕ ਆਪਸ ਵਿਚ ਲੜ ਪਏ ਹਨ।

ਹਵਾਲਦਾਰ : ਫਸਾਦ ਹੋ ਗਿਆ ਹੈ ਤਾਂ ਮੈਂ ਇਥੇ ਕੀ ਕਰ ਰਿਹਾ ਹਾਂ।

ਬਜ਼ੁਰਗ : ਮੇਰਾ ਘਰ ਤਾਂ ਜ਼ਰੂਰ ਸੜ ਗਿਆ ਹੋਣਾ ਹੈ।

(ਦੋਨੋ ਜਾਂਦੇ ਹਨ)

ਵਿਅਕਤੀ : (ਬੱਚੇ ਨੂੰ ਸੰਬੋਧਨ) ਚੁੱਪ, ਰੋ ਨਾ। ਦੋ ਧਰਮਾਂ ਦੇ ਲੋਕ ਆਪਸ ਵਿਚ ਲੜ ਪਏ ਹਨ। ਫਸਾਦ ਹੋ ਗਿਆ ਹੈ ਤੇ ਘਰਾਂ ਨੂੰ ਅੱਗ ਲਗ ਗਈ ਹੈ। ਹਵਾਲਦਾਰ ਜੀ ਵੀ ਗਏ ਹਨ। ਅੱਗ ਬੁਝਾਉਣ ਗਏ ਨੇ ਜਾਂ ਲਗਾਉਣ ਗਏ ਨੇ, ਇਹਦਾ ਕੁਝ ਪਤਾ ਨਹੀਂ, ਤੂੰ ਚੁੱਪ ਹੋ ਜਾ।

(ਇਕ ਨੁੱਕਰ ਤੋਂ ਵਿਅਕਤੀ ਦੋ ਦਾਖਲ ਹੁੰਦਾ ਹੈ। ਉਹਦੇ ਹੱਥ ਵਿਚ ਇਕ ਬੱਚਾ ਹੈ। ਓ ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ।)

ਵਿਅਕਤੀ ਦੋ : ਪੰਘੂੜੇ ਵਾਲਿਓ, ਮੈਂ ਇਹ ਬੱਚਾ ਇਸ ਪੰਘੂੜੇ ਵਿਚ ਰਖ ਚਲਿਆ ਹਾਂ। ਸਾਰਿਆਂ ਦੇ ਸਾਹਮਣੇ ਰੱਖ ਚਲਿਆ ਹਾਂ। ਇਹ ਬੱਚਾ ਯਤੀਮ ਹੋ ਗਿਆ ਹੈ। ਇਹਨੂੰ ਪਾਲਣ ਵਾਲੇ ਇਹਦੇ ਮਾਂ ਬਾਪ ਦੁਨੀਆਂ ਤੇ ਨਹੀਂ ਰਹੇ। ਉਹਨਾਂ ਦੀ ਮੌਤ ਕੁਦਰਤੀ ਨਹੀਂ ਹੋਈ। ਉਹ ਕਿਸੇ ਹਾਦਸੇ ਵਿਚ ਨਹੀਂ ਮਰੇ। ਉਹ ਬੀਮਾਰ ਹੋ ਕੇ ਨਹੀਂ ਮਰੇ। ਉਹ ਫਿਰਕੂ ਨਫਰਤ ਦੀ ਬਲੀ ਚੜ੍ਹ ਗਏ ਹਨ। ਉਹ ਜੀਂਦੇ ਜੀ ਅੱਗ ਨਾਲ ਸਾੜ ਦਿਤੇ ਗਏ ਹਨ।

(ਪਿਛੋਂ ਆਵਾਜ਼ਾਂ ਆ ਰਹੀਆਂ ਹਨ, ਜਿਸ ਤਰ੍ਹਾਂ ਕੋਈ ਫਸਾਦ ਹੋ ਰਿਹੈ)

—ਮਾਰੋ ਇਸ ਨੇ ਗੀਤਾ ਫਾੜੀ ਹੈ।

—ਮਾਰੋ ਇਸ ਨੇ ਬੀੜ ਸਾੜੀ ਹੈ।

(ਇਹ ਆਵਾਜ਼ਾਂ ਤਿੰਨ ਚਾਰ ਵਾਰ ਆਉਂਦੀਆਂ ਹਨ)

ਵਿਅਕਤੀ ਦੋ–(ਵਿਅੰਗ ਨਾਲ)

ਕਿਸੇ ਨੇ ਗੀਤਾ ਫੜੀ ਹੈ

ਕਿਸੇ ਨੇ ਬੀੜ ਸਾੜੀ ਹੈ

ਮਾਰੋ ਧਰਮਾਂ ਦਾ ਨਾਂ ਚਮਕਾਓ

ਬਚਿਆਂ ਨੂੰ ਯਤੀਮ ਬਣਾਓ

ਪਰ ਭੁਲਿਓ ਨਾ, ਇਹ ਬੱਚਾ ਮਨੁੱਖਤਾ ਦੀ ਅਮਾਨਤ ਹੈ

ਧਰਮਾਂ ਦੇ ਠੇਕੇਦਾਰੋ, ਤੁਹਾਨੂੰ ਲਾਅਨਤ ਹੈ ਲਾਅਨਤ ਹੈ

ਵਿਅਕਤੀ (1) ਪਰ ਧਰਮ ਨਹੀਂ ਸਿਖਾਂਦਾ ਆਪਸ 'ਚ ਵੈਰ ਰੱਖਣਾ

ਵਿਅਕਤੀ (2) ਇਹ ਗਲਤ ਹੈ, ਇਹ ਝੂਠ ਹੈ, ਇਹ ਕੁਫਰ ਹੈ, ਧਰਮ ਹੀ ਹੈ ਆਪਸ ਵਿਚ ਵੈਰ ਸਿਖਾਂਦਾ, ਧਰਮ ਹੀ ਹੈ, ਜੋ ਮਨੁੱਖ ਤੇ ਮਨੁੱਖ ਵਿਚ ਨਫਰਤ ਪਾਂਦਾ

ਨਾਟਕਕਾਰ : (ਇਕ ਪਾਸੇ ਤੋਂ ਆ ਕੇ ਵਿਅਕਤੀ ਦੋ ਦੀ ਗੱਲ ਨਾਲ ਗੱਲ ਸਿਲਾਂਦਾ ਹੈ)

ਉਤੋਂ ਆਖਣ ; ਏਕ ਨੂਰ ਤੇ ਸਭ ਜਗ ਉਪਜਿਆ

ਵਿਚੋਂ ਸਮਝਣ ਹਮ ਹੀ ਹੈਂ ਏਕ ਨੂਰ ਕੇ ਬੰਦੇ

ਬਾਕੀ ਸਭ ਹਨ ਨੀਚ ਤੇ ਮੰਦੇ

ਦੂਜਾ ਵਿਅਕਤੀ : (ਵਿਅੰਗ ਨਾਲ)

ਅਸੀਂ ਹੀ ਹਾਂ ਇਕ ਰੱਬ ਦੇ ਜਾਏ

ਬਾਕੀ ਤਾਂ ਸਭ ਸ਼ੈਤਾਨ ਭਿਜਵਾਏ

ਨਾਟਕਕਾਰ : (ਦਰਸ਼ਕਾਂ ਨੂੰ) ਧਰਮ ਮਨੁੱਖਤਾ ਲਈ ਬਣ ਗਿਆ ਇਕ ਸਰਾਪ ਹੈ, ਇਸੇ ਲਈ ਇਸ ਬੱਚੇ ਦੀ ਰਹੀ ਨਾ ਮਾਂ, ਨਾ ਰਿਹਾ ਬਾਪ ਹੈ।

ਪਿਛੋਂ ਆਵਾਜ਼ਾਂ–ਧੋਤੀ ਟੋਪੀ ਜਮਨਾ ਪਾਰ

–ਕੜਾ ਕਛਹਿਰਾ ਵਾਘਿਓਂ ਪਾਰ

–ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ

–ਅਲ੍ਹਾ ਹੂ ਅਕਬਰ

–ਜੈ ਬਜਰੰਗ ਬਲੀ

ਵਿਅਕਤੀ ਦੋ : (ਵਿਅੰਗ ਨਾਲ)

ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ

ਅਲ੍ਹਾ ਹੂ ਅਕਬਰ, ਜੈ ਬਜਰੰਗ ਬਲੀ

ਨਫਰਤ ਫੈਲੀ ਗਲੀ ਗਲੀ

ਨਾਟਕਕਾਰ : ਧੋਤੀ ਟੋਪੀ ਜਮਨਾ ਪਾਰ, ਕੜਾ ਕਛਹਿਰਾ ਵਾਘਿਓਂ ਪਾਰ। ਮਨੁੱਖਤਾ ਮਰ ਗਈ ਵਿਚ ਵਿਚਕਾਰ

ਵਿਅਕਤੀ ਦੋ–(ਦਰਸ਼ਕਾਂ ਨੂੰ) ਇਹ ਗੜਬੜ, ਇਹ ਮਾਰ ਧਾੜ, ਇਹ ਸਭ ਹਜ਼ੂਰ ਕੀ ਹੈ

ਇਹ ਬੱਚਾ ਜੋ ਯਤੀਮ ਹੋਇਆ,

ਦਸੋ ਇਹਦਾ ਕਸੂਰ ਕੀ ਹੈ ?

(ਪੱਲ ਦੇ ਪੱਲ ਲਈ ਸੰਨਾਟੇ ਵਰਗੀ ਚੁੱਪ ਵਿਚ ਸਾਰੀ ਹਰਕਤ ਫਰੀਜ਼ ਹੁੰਦੀ ਹੈ)

ਪਹਿਲਾ ਵਿਅਕਤੀ : (ਵਿਅੰਗ ਨਾਲ ਬੱਚੇ ਨੂੰ ਸੰਬੋਧਨ ਹੁੰਦਾ ਹੈ)

ਧੋਤੀ ਟੋਪੀ ਜਮਨਾ ਪਾਰ

ਕੜਾ ਕਛਹਿਰਾ ਵਾਘਿਓਂ ਪਾਰ

ਚੁਪ ਹੋ ਜਾ ਬਰਖੁਦਾਰ

ਤੈਨੂੰ ਵੀ ਪੁਚਾਣਗੇ ਅਗਲੇ ਪਾਰ

ਇਹਨਾਂ ਕੋਲ ਬੜੇ ਹਥਿਆਰ

ਚੁੱਪ ਹੋ ਜਾ ਬਰਖੁਦਾਰ

(ਮਾਈਮ ਵਿਚ ਪੰਘੂੜਾ ਹਿਲਾਂਦਾ ਹੈ। ਨਾਟਕਕਾਰ, ਵਿਅਕਤੀ ਦੋ ਤੇ ਦੋ ਹੋਰ ਪਾਤਰ ਜੋ ਪਹਿਲੇ ਅੰਕ ਵਾਲੇ ਹਵਾਲਦਾਰ ਤੇ ਬੁਜ਼ਰਗ ਵੀ ਹੋ ਸਕਦੇ ਹਨ, ਹੁਣ ਚਾਰ ਪਾਤਰਾਂ ਦੇ ਰੂਪ ਵਿਚ ਹੇਠ ਲਿਖੀ ਬਰਤਾਲਾਪ ਨਾਲ ਦਰਸ਼ਕਾਂ ਨੂੰ ਸੰਬੋਧਨ ਹੁੰਦੇ ਹਨ। ਇਹ ਨਾਟਕ ਦਾ ਸੁਨਿਹਾ ਹੈ (1) ਪਾਤਰ ਨਾਟਕਕਾਰ ਹੈ)

1–ਹਾਂ ਇਹ ਵੀ ਬੱਚਾ ਇਸੇ ਪੰਘੂੜੇ ਵਿਚੂੰ ਆ ਗਿਆ ਹੈ

2–ਇਹ ਪੰਘੂੜਾ ਪ੍ਰਤੀਕ ਹੈ ਇਸ ਸਮਾਜ ਦੇ ਕੋਹੜ ਦਾ ਜਿਸ ਵਿੱਚ ਬੱਚੇ ਲਾਵਾਰਸ ਪਲਦੇ ਹਨ।

3–ਇਹ ਪੰਘੂੜਾ ਪ੍ਰਤੀਕ ਹੈ ਉਸ ਬਾਪ ਦੀ ਮਜ਼ਬੂਰੀ ਦਾ, ਜਿਹਦੇ ਕੋਲ ਅਪਣੇ ਬੱਚੇ ਨੂੰ ਦੁੱਧ ਪਿਆਉਣ ਦੇ ਸਾਧਨ ਨਹੀਂ।

4–ਇਹ ਪੰਘੂੜਾ ਪ੍ਰਤੀਕ ਹੈ ਉਸ ਮਾਂ ਦੀ ਮਜਬੂਰੀ ਦਾ–ਜੋ ਬਿਨਾਂ ਦਵਾਈ ਦੇ ਹਸਪਤਾਲ ਵਿਚ ਤੜਪ ਤੜਪਕੇ ਮਰ ਜਾਂਦੀ ਹੈ।

1–ਇਹ ਪੰਘੂੜਾ ਪ੍ਰਤੀਕ ਹੈ ਉਸ ਗਰੀਬ ਕੁੜੀ ਦੀ ਮਜਬੂਰੀ ਦਾ, ਜਿਸਦੀ ਪਤ ਕੁਰਸੀ ਤੇ ਬੈਠਿਆਂ ਵੱਲੋਂ ਲੁੱਟੀ ਜਾਂਦੀ ਹੈ।

2–ਇਹ ਪੰਘੂੜਾ ਪ੍ਰਤੀਕ ਹੈ, ਉਸ ਦੇਸ਼ ਦੇ ਨਾਕਸ ਕਾਨੂੰਨ ਦਾ ਜੋ ਸਬੂਤ ਤੋਂ ਬਿਨਾਂ ਇਨਸਾਫ ਨਹੀਂ ਦੇ ਸਕਦਾ

3–ਇਹ ਪੰਘੂੜਾ ਪ੍ਰਤੀਕ ਹੈ, ਉਸ ਨਫ਼ਰਤ ਦਾ ਜੋ ਧਰਮਾਂ ਦੇ ਨਾਂ ਤੇ ਫੈਲਾਈ ਜਾਂਦੀ ਹੈ।

4–ਇਹ ਪੰਘੂੜਾ ਪ੍ਰਤੀਕ ਹੈ, ਉਸ ਜਨੂੰਨ ਦਾ ਜਿਸ ਵਿਚ ਮਾਸੂਮ ਬੱਚੇ ਯਤੀਮ ਬਣਾਏ ਜਾਂਦੇ ਹਨ।

1–(ਉੱਚੀ ਤੇ ਜੋਸ਼ ਭਰੀ ਆਵਾਜ਼ ਵਿਚ), ਪਰ ਇਹ ਪੰਘੂੜਾ ਉਸ ਰੋਹ ਦਾ ਵੀ ਪ੍ਰਤੀਕ ਹੈ ਜੋ ਇਸ ਪੰਘੂੜੇ ਵਿਚ ਪਲ ਰਿਹਾ ਹੈ।

–ਓਹ ਰੋਹ

ਜੋ ਇਕ ਦਿਨ ਵਿਦਰੋਹ ਬਣ ਕੇ

ਝੱਖੜ ਵਾਂਗ, ਹਨੇਰੀ ਵਾਂਗ ਇਸ ਧਰਤੀ ਤੇ ਝੁਲੇਗਾ

ਉਸ ਸਭ ਕੁਝ ਨੂੰ ਤਬਾਹ ਕਰੇਗਾ

ਜੋ ਇਸ ਸਮਾਜ ਵਿਚ ਗਲਤ ਹੈ।

ਸਾਰੇ–ਪੰਘੂੜਾ–ਪੰਘੂੜਾ–ਪੰਘੂੜਾ

(ਮੰਚ ਤੇ ਸਾਰੇ ਕਲਾਕਾਰ ਪੰਘੂੜਾ ਝੁਲਾਉਣ ਦੇ ਐਕਸ਼ਨ ਵਿਚ ਫਰੀਜ਼ ਹੁੰਦੇ ਹਨ। ●

# ਸਿਹਤ ਸੇਵਾਵਾਂ ਅਤੇ ਬਜਟ

## ਪੰਜਾਬ ਸਿਵਲ ਮੈਡੀਕਲ ਸਰਵਿਸਜ਼ ਐਸੋਸੀਏਸ਼ਨ ਦਾ ਇਕ ਦਸਤਾਵੇਜ਼

ਇਹ ਦਸਤਾਵੇਜ਼ ਡਾਕਟਰਾਂ ਦੀ ਯੂਨੀਅਨ ਵਲੋਂ ਲਿਖਿਆ ਗਿਆ ਹੈ। ਇਹ ਉਸ ਮਾੜੀ ਹਾਲਤ ਤੇ ਚਾਨਣਾ ਪਾਂਦਾ ਹੈ, ਜੋ ਸਾਡੇ ਸੂਬੇ ਦੀ ਡਾਕਟਰੀ ਸੇਵਾਵਾਂ ਦੀ ਹੋ ਚੁੱਕੀ ਹੈ। ਆਮ ਬੰਦੇ ਨਾਲ ਹਸਪਤਾਲਾਂ ਵਿਚ ਬੜਾ ਮਾੜਾ ਸਲੂਕ ਕੀਤਾ ਜਾਂਦਾ ਹੈ। ਉਹ ਬਹੁਤੀ ਵਾਰੀ ਇਸ ਭੈੜੇ ਸਲੂਕ ਦਾ ਜ਼ਿੰਮੇਵਾਰ ਡਾਕਟਰਾਂ ਨੂੰ ਠਹਿਰਾਉਂਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਭ੍ਰਿਸ਼ਟ ਸਿਸਟਮ ਜਿਸ ਵਿਚ ਅਸੀਂ ਜੀ ਰਹੇ ਹਾਂ, ਉਹਦਾ ਅਸਰ ਡਾਕਟਰਾਂ ਤੇ ਵੀ ਹੈ। ਡਾਕਟਰਾਂ ਨੂੰ ਵੀ ਪੈਸੇ ਬਨਾਉਣ ਦਾ ਲਾਲਚ ਹੈ ਤੇ ਬਹੁਤੀ ਵਾਰੀ ਉਹ ਉਸ ਇਨਸਾਨੀ ਫਰਜ਼ ਨੂੰ ਭੁਲ ਜਾਂਦੇ ਹਨ, ਜਿਸਦੀ ਡਾਕਟਰੀ ਪੇਸ਼ਾ ਉਨ੍ਹਾਂ ਕੋਲੋਂ ਮੰਗ ਕਰਦਾ ਹੈ, ਪਰ ਸਾਨੂੰ ਭੁਲ ਨਹੀਂ ਜਾਣਾ ਚਾਹੀਦਾ ਕਿ ਇਸ ਪੇਸ਼ੇ ਵਿਚ ਵੀ ਉਹ ਚੇਤਨ ਲੋਕ ਹਨ, ਜੋ ਆਪਣੇ ਫਰਜ਼ ਨੂੰ ਪਛਾਣਦੇ ਹਨ। ਉਹਨਾਂ ਨੂੰ ਆਪਣਾ ਫਰਜ਼ ਨਿਭਾਉਣ ਵਿਚ ਕੀ ਦਿੱਕਤ ਆਂਦੀ ਹੈ, ਉਹਨਾਂ ਦੀਆਂ ਕੀ ਸੀਮਾਵਾਂ ਹਨ, ਇਸ ਲਿਖਤ ਵਿਚ ਪੇਸ਼ ਕਰਨ ਦਾ ਯਤਨ ਹੈ। ਮਾਰਚ ਦੇ ਮਹੀਨੇ ਡਾਕਟਰਾਂ ਨੇ ਅਸੈਂਬਲੀ ਵਿਚ ਇਹ ਦਸਤਾਵੇਜ਼ ਦੇਣ ਜਾਣਾ ਸੀ ਤੇ ਆਪਣੀਆਂ ਤਕਲੀਫ਼ਾਂ ਅਸੈਂਬਲੀ ਮੈਂਬਰਾਂ ਨੂੰ ਦੱਸਣੀਆਂ ਸਨ ਪਰ ਉਹਨਾਂ ਨੂੰ ਅਸੈਂਬਲੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਟਰੱਕ ਵਿਚ ਲੱਦ ਕੇ ਜੇਲ ਵੱਲ ਤੋਰ ਦਿੱਤਾ, ਜਿਸਨੂੰ ਚਲਾਉਣ ਵਾਲਾ ਡਰਾਈਵਰ ਹਾਲੀ ਡਰਾਈਵਰੀ ਦੀ ਟਰੇਨਿੰਗ ਲੈ ਰਿਹਾ ਸੀ। ਨਤੀਜੇ ਦੇ ਤੌਰ ਤੇ ਟਰੱਕ ਉਲਟ ਗਿਆ ਤੇ ਬਹੁਤ ਸਾਰੇ ਡਾਕਟਰਾਂ ਨੂੰ ਗੰਭੀਰ ਸੱਟਾਂ ਲੱਗੀਆਂ। ਅਸੀਂ ਇਹ ਦਸਤਾਵੇਜ਼ ਸਮਤਾ ਦੇ ਪਾਠਕਾਂ ਅਗੇ ਪੇਸ਼ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਪਿੰਡਾਂ ਦੇ ਸਿਆਣੇ ਲੋਕ ਅਤੇ ਪੰਚਾਇਤਾਂ ਪਿੰਡਾਂ ਦੇ ਹਸਪਤਾਲਾਂ ਵਿਚ ਕੰਮ ਕਰ ਰਹੇ ਡਾਕਟਰਾਂ ਨਾਲ ਆਪਸੀ ਸਬੰਧ ਪੈਦਾ ਕਰਨ। ਇਕ ਦੂਜੇ ਦੀਆਂ ਤਕਲੀਫਾਂ ਵਿਚ ਸਾਂਝ ਪਾਉਣ। ਸੀਮਤ ਸਾਧਨਾਂ ਨੂੰ ਵੱਧ ਤੋਂ ਵੱਧ ਵਰਤਿਆ ਜਾਏ। ਹੋਰ ਸਾਧਨਾਂ ਲਈ ਮਿਲਵੀਂ ਜਦੋ ਜਹਿਦ ਕੀਤੀ ਜਾਏ। ਲੋਕਾਂ ਦਾ ਫਰਜ਼ ਹੈ ਡਾਕਟਰਾਂ ਦੀਆਂ ਮੰਗਾਂ ਨੂੰ ਆਪਣੀਆਂ ਮੰਗਾਂ ਸਮਝ ਕੇ ਪੂਰੀ ਹਮਾਇਤ ਦੇਣ। ਡਾਕਟਰਾਂ ਦਾ ਵੀ ਫਰਜ਼ ਹੈ ਕਿ ਉਹ ਸਾਧਾਰਨ ਲੋਕਾਂ ਨੂੰ ਰਾਹਤ ਦੇਣ ਦਾ ਪੂਰਾ ਯਤਨ ਕਰਨ। ਜੋ ਗੱਲ ਡਾਕਟਰਾਂ ਉਤੇ ਲਾਗੂ ਹੁੰਦੀ ਹੈ, ਉਹ ਅਧਿਆਪਕ ਵਰਗ ਤੇ ਵੀ ਲਾਗੂ ਹੁੰਦੀ ਹੈ। ਮੁਲਾਜ਼ਮ ਵਰਗ ਦੇ ਚੇਤਨ ਤਬਕੇ ਨੂੰ ਲੋਕਾਂ ਦੀ ਹਮਾਇਤ ਹਾਸਿਲ ਕਰਨ ਦੇ ਪੂਰੇ ਯਤਣ ਕਰਨੇ ਚਾਹੀਦੇ ਹਨ ਤੇ ਲੋਕਾਂ ਦੇ ਹਿੱਤ ਵਿਚ ਵੀ ਇਹ ਹੈ ਕਿ ਉਹ ਮੁਲਾਜ਼ਮ ਵਰਗ ਦੀਆਂ ਮੰਗਾਂ ਦੀ ਪੂਰਤੀ ਲਈ ਲੋਕ ਰਾਏ ਬਣਾ ਕੇ ਆਪਣਾ ਯੋਗਦਾਨ ਦੇਣ। / ਸੰਪਾਦਕ

---

ਪੰਜਾਬ ਵਾਸੀਓ, ਪੀ.ਸੀ.ਐਮ.ਐਸ. ਐਸੋਸੀਏਸ਼ਨ ਪੰਜਾਬ ਦੇ ਸਰਕਾਰੀ ਸਿਹਤ ਸੇਵਾਵਾਂ ਵਿਚ ਕੰਮ ਕਰ ਰਹੇ ਡਾਕਟਰਾਂ ਦੀ ਪ੍ਰਤੀਨਿਧ ਜਥੇਬੰਦੀ ਹੈ। ਅਸੀਂ ਹਮੇਸ਼ਾ ਹੀ ਇਸ ਗੱਲ ਦੇ ਹਾਮੀ ਰਹੇ ਹਾਂ ਕਿ ਸਿਹਤ ਸੇਵਾਵਾਂ ਦਾ ਪਸਾਰ ਤੇ ਵਿਕਾਸ ਇਸ ਤਰਾਂ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਦੀ ਲੋੜ ਮੁਤਾਬਕ ਹੋਣ ਅਤੇ ਲੋਕਾਂ ਦੀ ਉਹਨਾਂ ਤਕ ਆਸਾਨੀ ਨਾਲ ਪਹੁੰਚ ਹੋਵੇ। ਇਸ ਲਈ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਅਸੀਂ ਸਰਕਾਰ ਤੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਹਨ। ਅੱਜ ਜਦ ਪੰਜਾਬ ਅਸੰਬਲੀ ਦਾ ਬਜਟ ਸੈਸ਼ਨ ਚਲ ਰਿਹਾ ਹੈ ਤਾਂ ਅਸੀਂ ਲੋਕਾਂ ਸਾਹ-ਮਣੇ ਸਿਹਤ ਸਮੱਸਿਆਵਾਂ ਬਾਰੇ ਆਪਣੇ ਵਿਚਾਰ ਰੱਖਣੇ ਜ਼ਰੂਰੀ ਸਮਝਦੇ ਹਾਂ ਤਾਕਿ ਲੋਕਾਂ ਤਕ ਸਿਹਤ ਸਮੱਸਿਆਵਾਂ ਦੀ ਪਹੁੰਚ ਨੂੰ ਚੰਗੀ ਤਰ੍ਹਾਂ ਵਿਚਾਰਿਆ ਜਾ ਸਕੇ ਤੇ ਸਿਹਤ ਸਮੱਸਿਆਵਾਂ ਦੇ ਬੁਨਿਆਦੀ ਕਾਰਨਾਂ ਤਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਸਕੇ।

ਚੰਗਰੀ ਸਿਹਤ ਲੋਕਾਂ ਦੇ ਬੁਨਿਆਦੀ ਹੱਕਾਂ ਵਿਚੋਂ ਇਕ ਹੈ। ਸਰਕਾਰ ਦੀ ਆਪਣੇ ਲੋਕਾਂ ਦੀ ਸਿਹਤ ਪ੍ਰਤੀ ਜ਼ੁੰਮੇਵਾਰੀ ਦਾ ਪਤਾ ਉਸ ਵੱਲੋਂ ਸਿਹਤ ਤੇ ਕੀਤੇ ਗਏ ਖਰਚ ਤੋਂ ਲਗਾਇਆ ਜਾ ਸਕਦਾ ਹੈ। ਵਿਸ਼ਵ ਸਿਹਤ ਸੰਸਥਾ ਮੁਤਾਬਕ ਲੋਕਾਂ ਦੀ ਸਿਹਤ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਮੁਲਕ ਦੇ ਬਜਟ ਦਾ ਘੱਟ ਤੋਂ ਘੱਟ 10 ਫੀ ਸਦੀ ਹਿੱਸਾ ਸਿਹਤ ਲਈ ਖਰਚ ਕੀਤਾ ਜਾਣਾ ਚਾਹੀਦਾ ਹੈ। ਸਾਡੇ ਮੁਲਕ ਦੀ ਕੌਮੀ ਸਿਹਤ ਕੌਂਸਲ ਦੇ ਅਨੁਸਾਰ ਮੁਲਕ ਦੇ ਬਜਟ ਦਾ ਘੱਟ ਤੋਂ ਘੱਟ 6% ਹਿੱਸਾ ਸਿਹਤ ਤੇ ਕੇਂਦਰਤ ਹੋਣਾ ਚਾਹੀਦਾ ਹੈ। ਪਰ ਜਦ ਅਸੀਂ ਪੰਜ ਸਾਲਾ ਯੋਜਨਾਵਾਂ ਵਿਚ ਸਿਹਤ ਲਈ ਖਰਚੇ ਜਾਂਦੇ ਬਜਟ ਤੇ ਨਜ਼ਰ ਮਾਰਦੇ ਹਾਂ ਤਾਂ ਹਾਲਾਤ ਨਿਰਾਸ਼ਾਜਨਕ ਨਜ਼ਰ ਆਉਂਦੇ ਹਨ। ਪਹਿਲੀ ਪੰਜ ਸਾਲਾ ਯੋਜਨਾ ਵਿਚ ਪੰਜਾਬ ਦੇ ਬਜਟ ਦਾ 6% ਹਿੱਸਾ ਸਿਹਤ ਲਈ ਰਾਖਵਾਂ ਸੀ। ਪਰ ਸਤਵੀਂ ਪੰਜ ਸਾਲਾ ਯੋਜਨਾ ਤਕ ਇਹ ਹਿੱਸਾ ਘਟਦਾ ਘਟਦਾ 2%

ਤਕ ਰਹਿ ਗਿਆ ਹੈ। ਇਸ ਨਿਗੂਣੇ ਬਜਟ ਨੂੰ ਜਿਹਨਾਂ ਇਲਾਕਿਆਂ ਵਿਚ ਵਰਤੇ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਹੋਰ ਵੀ ਨਿਰਾਸ਼ਾਜਨਕ ਪੱਖ ਹੈ। ਪੰਜਾਬ ਦੀ 80% ਵਸੋਂ ਪੇਂਡੂ ਇਲਾਕਿਆਂ ਵਿਚ ਰਹਿ ਰਹੀ ਹੈ; ਪਰ ਇਸ ਲਈ ਕੇਵਲ 30% ਬਜਟ ਖਰਚ ਕੀਤਾ ਜਾਂਦਾ ਹੈ।

ਅੱਜ ਪੰਜਾਬ ਦੀਆਂ ਪੇਂਡੂ ਇਲਾਕਿਆਂ ਦੀਆਂ 1546 ਡਿਸਪੈਂਸਰੀਆਂ 'ਚੋਂ 1346 ਕੋਲ ਆਪਣੀਆਂ ਇਮਾਰਤਾਂ ਨਹੀਂ ਹਨ। ਤੇ ਜੇ ਕਿਤੇ ਇਹ ਇਮਾਰਤਾਂ ਬਣੀਆਂ ਵੀ ਹਨ ਤਾਂ ਉਹਨਾਂ ਦੀ ਹਾਲਤ ਤਰਸਯੋਗ ਹੈ। ਪਰ ਆਉਣ ਵਾਲੇ ਲੰਬੇ ਸਮੇਂ ਤਕ ਇਹਨਾਂ ਇਮਾਰਤਾਂ ਲਈ ਬਜਟ ਏਨਾ ਸੀਮਤ ਹੈ ਕਿ ਹਾਲਤ ਦੇ ਸੁਧਰਨ ਦੇ ਕੋਈ ਵੀ ਅਸਾਰ ਨਜ਼ਰ ਨਹੀਂ ਆਉਂਦੇ। ਸ਼ਹਿਰੀ ਇਲਾਕਿਆਂ ਵਿਚ ਸਰਕਾਰ ਆਪਣੇ ਖਰਚ ਤੇ ਇਮਾਰਤਾਂ ਬਣਾਉਣ ਦਾ ਉਪਰਾਲਾ ਕਰਦੀ ਹੈ ਪਰ ਪੇਂਡੂ ਇਲਾਕਿਆਂ ਦੀਆਂ ਡਿਸਪੈਂਸਰੀਆਂ ਲਈ ਇਹ ਕੰਮ ਪੰਚਾਇਤਾਂ ਤੇ ਛੱਡ ਦਿਤਾ ਗਿਆ ਹੈ। ਪੰਚਾਇਤਾਂ ਦੀ ਸੀਮਤ ਆਰਥਕ ਸਮਰਥਾ ਇਸ ਕੰਮ ਨੂੰ ਨਿਭਾਉਣ ਤੋਂ ਅਸਮਰਥ ਹੈ।

ਇਲਾਜ ਦਿਨੋ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ; ਕਿਉਂਕਿ ਸਰਕਾਰੀ ਸੰਸਥਾਵਾਂ ਵਿਚ ਹਮੇਸ਼ਾ ਹੀ ਦੁਆਈਆਂ, ਆਮ ਲੋੜ ਦੇ ਸਾਧਾਰਨ ਔਜ਼ਾਰਾਂ, ਸਰਿੰਜਾਂ, ਸੂਈਆਂ ਤੇ ਪੱਟੀਆਂ ਆਦਿ ਦੀ ਘਾਟ ਬਣੀ ਰਹਿੰਦੀ ਹੈ। ਨਿੱਤ ਲੋੜ ਦੀਆਂ ਅਤੇ ਐਮਰਜੈਂਸੀ ਦਵਾਈਆਂ ਦੇ ਪ੍ਰਬੰਧ ਦੀ ਘਾਟ ਜਿਥੇ ਇਕ ਪਾਸੇ ਸਰਕਾਰੀ ਸਿਹਤ ਸੇਵਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਤੋੜਦੀ ਹੈ, ਉਥੇ ਨਾਲ ਹੀ ਡਾਕਟਰਾਂ ਵੱਲੋਂ ਸਿਹਤ ਸੇਵਾਵਾਂ ਦੇ ਸਕਣ ਦੇ ਕੰਮ ਨੂੰ ਅਸੰਭਵ ਬਣਾ ਦਿੰਦੀ ਹੈ। ਆਮ ਲੋੜ ਦੀਆਂ ਦਵਾਈਆਂ ਲਈ ਵੀ ਲੋਕਾਂ ਨੂੰ ਬਜ਼ਾਰਾਂ ਦਾ ਮੂੰਹ ਵੇਖਣਾ ਪੈਂਦਾ ਹੈ। ਦਵਾਈ ਸਨਅਤ ਬਹੁਕੌਮੀ ਕਾਰਪੋਰੇਸ਼ਨ ਦੀ ਮੁਨਾਫ਼ੇ ਦੀ ਨੀਤੀ ਅਨੁਸਾਰ ਚੱਲ ਰਹੀ ਹੈ। ਹੋਰ ਵਸਤੂਆਂ ਵਾਂਗ ਮਨ-ਮਰਜ਼ੀ ਦੀਆਂ ਦਵਾਈਆਂ ਦੀ ਵਿਕਰੀ ਨੂੰ ਵਧਾਉਣ ਲਈ ਇਹਨਾਂ ਕਾਰਪੋਰੇਸ਼ਨਾਂ ਵੱਲੋਂ ਕੋਝੇ ਹੱਥਕੰਡੇ ਵਰਤੇ ਜਾਂਦੇ ਹਨ ਅਤੇ ਲੋਕਾਂ ਦੀ ਸਿਹਤ ਦੀ ਕੀਮਤ ਤੇ ਅੰਨ੍ਹੇ ਮੁਨਾਫੇ ਲਈ ਰਾਹ ਖੋਲ੍ਹਿਆ ਜਾਂਦਾ ਹੈ। ਸਰਕਾਰ ਨੂੰ ਦਵਾਈ ਸਨਅਤ ਦਾ ਕੌਮੀਕਰਨ ਕਰਕੇ ਸਰਕਾਰੀ ਖੇਤਰ ਰਾਹੀਂ ਦਵਾਈਆਂ ਨੂੰ ਬਿਨਾਂ ਮੁਨਾਫ਼ੇ ਦੇ ਸਸਤੀਆਂ ਦਰਾਂ ਤੇ ਲੋਕਾਂ ਤਕ ਪਹੁੰਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਅੱਜ ਡਾਕਟਰਾਂ ਲਈ ਨੌਕਰੀ ਦੀ ਸਮਸਿਆ ਗੰਭੀਰ ਹੱਦ ਤਕ ਵਧ ਚੁਕੀ ਹੈ। ਡਾਕਟਰਾਂ ਦੀ ਇਕ ਵੱਡੀ ਗਿਣਤੀ ਨੌਕਰੀ ਦੀ ਤਲਾਸ਼ ਵਿਚ ਭਟਕ ਰਹੀ ਹੈ ਅਤੇ ਦੂਸਰੇ ਪਾਸੇ ਖਾਸ ਤੌਰ ਤੇ ਪੇਂਡੂ ਇਲਾਕਿਆਂ ਦੀਆਂ ਡਿਸਪੈਂਸਰੀਆਂ 'ਚ ਡਾਕਟਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਇਸਦੇ ਨਾਲ ਹੀ ਸਰਕਾਰੀ ਸੇਵਾਵਾਂ ਵਿਚ ਕੰਮ ਕਰਨ ਵਾਲੇ ਡਾਕਟਰ ਘੱਟ ਬਜਟ ਦੇ ਨਾਂ ਹੇਠ ਪਾਲਸੀਆਂ ਦੀ ਅਣਹੋਂਦ ਕਾਰਨ ਮਾੜੀਆਂ ਸਰਵਿਸ ਹਾਲਤਾਂ ਵਿਚ ਜਿਊ ਰਹੇ ਹਨ। ਐਡਹਾਕ ਨਿਯੁਕਤੀਆਂ ਦਾ ਸਹਿਮ ਡਾਕਟਰਾਂ ਦੇ ਇਕ ਵੱਡੇ ਹਿੱਸੇ ਨੂੰ ਪ੍ਰਭਾਵਤ ਕਰਦਾ ਹੈ। ਬਹੁਤ ਸਾਰੀਆਂ ਸਟੇਟਾਂ ਨੇ ਡਾਕਟਰਾਂ ਨੂੰ ਪਬਲਿਕ ਸਰਵਿਸ ਕਮਿਸ਼ਨ ਦੇ ਅਧਿਕਾਰ ਖੇਤਰਾਂ ਵਿਚੋਂ ਕੱਢ ਕੇ ਵਿਭਾਗੀ ਤੌਰ ਤੇ ਹੀ ਰੈਗੂਲਰ ਕੀਤਾ ਹੈ, ਪਰ ਪੰਜਾਬ ਵਿਚ ਕਈ ਕਈ ਸਾਲ ਦੀ ਸੇਵਾ ਤੋਂ ਬਾਅਦ ਵੀ ਬਹੁਤ ਸਾਰੇ ਡਾਕਟਰ ਐਡਹਾਕ ਨਿਯੁਕਤੀਆਂ ਤੇ ਹੀ ਕੰਮ ਕਰਦੇ ਚਲੇ ਆ ਰਹੇ ਹਨ।

ਅੱਜ ਡਾਕਟਰਾਂ ਲਈ ਪ੍ਰੋਮੋਸ਼ਨ ਦੇ ਰਸਤੇ ਬਿਲਕੁਲ ਬੰਦ ਹਨ। ਪੰਦਰਾਂ ਪੰਦਰਾਂ ਸਾਲ ਦੀ ਨੌਕਰੀ ਦੇ ਬਾਅਦ ਵੀ ਡਾਕਟਰ ਪਹਿਲੀ ਤਰੱਕੀ ਦੀ ਉਡੀਕ ਵਿਚ ਬੈਠੇ ਹਨ। ਅੱਜ ਸਰਵਿਸ ਜਾਇਨ ਕਰਨ ਵਾਲੇ ਡਾਕਟਰ ਲਈ ਜ਼ਿੰਦਗੀ ਭਰ ਲਈ ਇਕ ਵੀ ਤਰੱਕੀ ਪ੍ਰਾਪਤ ਕਰਨ ਦੀ ਉਮੀਦ ਬਾਕੀ ਨਹੀਂ ਹੈ। ਅੱਜ ਤੋਂ ਪੰਝੀ ਸਾਲ ਪਹਿਲੇ ਜਦ ਪੰਜਾਬ ਵਿਚ 309 ਡਾਕਟਰ ਸਨ, ਇਕ ਡਾਇਰੈਕਟਰ ਅਤੇ ਜ਼ਿਲ੍ਹਾ ਪੱਧਰ ਤੇ ਇਕ ਸਿਵਲ ਸਰਜਨ ਸੀ। ਅੱਜ ਡਾਕਟਰਾਂ ਦੀ ਗਿਣਤੀ ਪੰਦਰਾਂ ਗੁਣਾ ਵਧ ਜਾਣ ਤੇ ਵੀ ਮੈਨੇਜਮੈਂਟ ਦੀਆਂ ਪੋਸਟਾਂ ਦੀ ਗਿਣਤੀ ਜਿਉਂ ਦੀ ਤਿਉਂ ਹੈ। ਸਿਹਤ ਸੇਵਾਵਾਂ ਨੂੰ ਚਲਾ ਰਹੇ ਡਾਕਟਰਾਂ ਦੀ ਯੋਗਤਾ ਦਾ ਪੂਰਾ ਫਾਇਦਾ ਉਠਾਉਣ ਲਈ ਜ਼ਰੂਰੀ ਹੈ ਕਿ ਉਹਨਾਂ ਲਈ ਨਿਯਮਤ ਰੂਪ ਵਿਚ ਅਜਿਹੀ ਪਾਲਿਸੀ ਘੜੀ ਜਾਵੇ ਜਿਸਦੇ ਤਹਿਤ ਉਹਨਾਂ ਲਈ ਸਮਾਂ-ਬੱਧ ਤਰੱਕੀ ਦੇ ਮੌਕੇ ਖੁਲ੍ਹਣੇ ਚਾਹੀਦੇ ਹਨ। ਇਸਦੇ ਮੁਕਾਬਲੇ ਵਿਚ ਅਜਿਹੀਆਂ ਸਰਵਿਸਜ਼ ਜਿਹੜੀਆਂ ਕਿ ਲੋਕਾਂ ਉਤੇ ਸਿਰਫ ਪ੍ਰਬੰਧਕੀ ਡੰਡਾ ਹੀ ਵਰਤਦੀਆਂ ਹਨ ਅਤੇ ਜਿਨ੍ਹਾਂ ਵਿਚ ਘੱਟ ਵਿਦਿਅਕ ਯੋਗਤਾ ਦਾ ਕੇਡਰ ਕੰਮ ਕਰਦਾ ਹੈ, ਉਹਨਾਂ ਦੀਆਂ ਸੇਵਾਵਾਂ ਵਿਚ ਤਰੱਕੀ ਦੇ ਦਰ ਬੜੇ ਥੋੜੇ ਸਾਲਾਂ ਦੀ ਨੌਕਰੀ ਦੇ ਬਾਅਦ ਹੀ ਖੁੱਲ੍ਹ ਜਾਂਦੇ ਹਨ। ਅੱਜ ਪੰਜਾਬ ਦੇ 186 ਦੇ ਆਈ.ਏ.ਐਸ. ਕੇਡਰ ਵਿਚ 95 ਪ੍ਰਤੀਸ਼ਤ ਸੀਨੀਅਰ ਸਕੇਲ ਦੀਆਂ ਪੋਸਟਾਂ ਤੇ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਪੁਲੀਸ ਸੇਵਾਵਾਂ ਵਿਚ ਅੱਜ ਛੇ ਪੋਸਟਾਂ ਆਈ.ਜੀ. ਰੈਂਕ ਦੀਆਂ ਹਨ ਅਤੇ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਕੀ ਹਾਲਤ ਹੈ, ਇਹ ਕਿਸੇ ਤੋਂ ਭੁੱਲੀ ਹੋਈ ਗੱਲ ਨਹੀਂ ਹੈ।

ਅੱਜ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਡਾਕਟਰਾਂ ਲਈ ਤਨਖਾਹ ਦਾ ਕੋਈ ਫ਼ਰਕ ਨਹੀਂ ਹੈ। ਲੰਬੇ ਅਰਸੇ ਤੱਕ ਪੋਸਟ ਗ੍ਰੈਜੂਏਸ਼ਨ ਕਰਨ ਵਾਲੇ ਡਾਕਟਰਾਂ ਨੂੰ ਉਚੇਚੇ ਤੌਰ ਤੇ ਦੋ ਇਨਕਰੀਮੈਂਟ ਦਿਤੀਆਂ ਜਾਂਦੀਆਂ ਸਨ। ਜਦ ਕਿ ਬਹੁਤ ਸਾਰੇ ਵਿਭਾਗਾਂ ਵਿਚ ਜਿਵੇਂ ਕਿ ਇੰਜੀਨੀਅਰ, ਕਲਾਸੀਕਲ ਵਰਨੈਕੂਲਰ ਅਧਿਆਪਕਾਂ ਲਈ ਅੱਜ ਵੀ ਇਸ ਉਚੇਰੀ ਤਨਖਾਹ ਦੀਆਂ ਸਹੂਲਤਾਂ ਕਾਇਮ ਹਨ। ਡਾਕਟਰਾਂ ਲਈ ਇਸ ਪਹਿਲਾਂ ਮਿਲ ਰਹੀ ਉਚੇਚੀ ਤਨਖਾਹ ਨੂੰ ਰੱਦ ਕਰ ਦਿੱਤਾ ਗਿਆ ਹੈ। ਪੋਸਟ ਗ੍ਰੈਜੂਏਟ ਡਾਕਟਰ ਆਪਣੇ ਵਿਸ਼ਿਆਂ ਦੀ ਮੁਹਾਰਤ ਦੇ ਕਾਰਨ ਲੋਕਾਂ ਲਈ ਸਪੈਸ਼ਲਿਸਟ ਸੇਵਾਵਾਂ ਪ੍ਰਦਾਨ ਕਰਦੇ ਹਨ ਜੋ ਕਿ ਆਮ ਗ੍ਰੈਜੂਏਟ ਡਾਕਟਰਾਂ ਦੀਆਂ ਸੇਵਾਵਾਂ ਨਾਲੋਂ ਵਧ ਕੇ ਹੁੰਦੀਆਂ ਹਨ। ਇਸ ਤਰ੍ਹਾਂ ਮਿਲ ਰਹੀ ਤਨਖਾਹ ਨੂੰ ਕੱਟਣਾ ਉਹਨਾਂ ਦੀ ਕੰਮ ਪ੍ਰਤੀ ਲਗਨ ਨੂੰ ਤੋੜਨ ਦਾ ਕਾਰਨ ਬਣ ਰਿਹਾ ਹੈ।

ਉਪਰ ਦਿਤੇ ਵੇਰਵੇ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਲੋਕਾਂ ਤੱਕ ਸਿਹਤ ਸੇਵਾਵਾਂ ਪਹੁੰਚ ਸਕਣ ਵਿਚ ਇਕ ਵੱਡੀ ਰੋਕ ਸਿਹਤ ਸੇਵਾਵਾਂ ਤੇ ਖਰਚ ਕੀਤੇ ਜਾਂਦੇ ਬਜਟ ਦੀ ਘਾਟ ਹੈ। ਇਹ ਘਾਟ ਜਿਥੇ ਇਕ ਪਾਸੇ ਤਾਂ ਸਿਹਤ ਸੇਵਾਵਾਂ ਦੇ ਠੀਕ ਤਰ੍ਹਾਂ ਪ੍ਰਸਾਰ ਹੋ ਸਕਣ ਵਿਚ ਰੁਕਾਵਟ ਬਣਦੀ ਹੈ, ਉਸਦੇ ਨਾਲ ਹੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਮਲੇ ਲਈ ਅਜਿਹੀਆਂ ਕੰਮ ਹਾਲਤਾਂ ਪੈਦਾ ਕਰਦੀ ਹੈ ਕਿ ਉਹਨਾਂ ਦੀ ਕੰਮ ਪ੍ਰਤੀ ਲਗਨ ਤੇ ਵਿਸ਼ਵਾਸ ਨੂੰ ਸੱਟ ਵਜਦੀ ਹੈ। ਇਸ ਲਈ ਅੱਜ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਿਹਤ ਦੀ ਅਹਿਮੀਅਤ ਨੂੰ ਮਹਿਸੂਸ ਕਰਦੇ ਹੋਏ ਸਮਾਜੀ ਤੌਰ ਤੇ ਚੇਤਨ ਵਿਅਕਤੀਆਂ ਤੇ ਅਦਾਰਿਆਂ ਵਲੋਂ ਸਿਹਤ ਸੇਵਾਵਾਂ ਤੇ ਖਰਚ ਕੀਤੇ ਜਾਂਦੇ ਬਜਟ ਵਿਚ ਵਾਧੇ ਦੀ ਮੰਗ ਨੂੰ ਉਭਾਰਿਆ ਜਾਵੇ।

ਪੀ. ਸੀ. ਐਮ. ਐਸ. ਐਸੋਸੀਏਸ਼ਨ ਸਿਹਤ ਸੇਵਾਵਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦੀ ਹੋਈ ਸਿਹਤ ਸੇਵਾਵਾਂ ਤੇ ਖਰਚ ਕੀਤੇ ਜਾਂਦੇ ਬਜਟ ਦੇ ਵਾਧੇ ਦੀ ਮੰਗ ਕਰਦੀ ਹੈ। ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਬਜਟ ਪਾਸ ਕਰਨ ਵਾਲੀਆਂ ਅਸੈਂਬਲੀਆਂ ਤੇ ਪਾਰਲੀਮੈਂਟ ਵਿਚ ਲੋਕਾਂ ਦੀ ਸਹੀ ਪ੍ਰਤੀਨਿਧਤਾ ਕਰਦੇ ਹੋਏ ਇਸ ਮੰਗ ਨੂੰ ਉੱਚਾ ਚੁੱਕਣ। ਵੱਲੋਂ-ਸੂਬਾ ਕਾਰਜਕਾਰੀ ਕਮੇਟੀ। ੦

---

## ਮਜ਼ਦੂਰਾਂ ਨੂੰ ਹੜੱਪ ਰਹੀਆਂ ਉੱਨ ਮਿਲਾਂ / **ਕੇ. ਬਾਬੂ ਸਿੰਘ**

ਅਸੀਂ 21ਵੀਂ ਸਦੀ ਵੱਲ ਕਦਮ ਵਧਾ ਰਹੇ ਹਾਂ। ਅਖਬਾਰਾਂ ਪੜ੍ਹੋ, ਰੇਡੀਓ ਸੁਣੋ, ਟੈਲੀਵੀਯਨ ਵੇਖੋ, ਵਿਗਿਆਨ ਤੇ ਟੈਕਨਾਲੋਜੀ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਨਿਊਕਲਰ ਸ਼ਕਤੀ ਦੀ ਚਰਚਾ ਵੀ ਹੁੰਦੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਕ ਪਿਛਾਖੜ ਦੇਸ਼ ਤੋਂ ਅਸੀਂ ਹੁਣ ਦੁਨੀਆਂ ਦੇ ਸਭ ਤੋਂ ਤਰੱਕੀ-ਯਾਫਤਾ ਦੇਸ਼ਾਂ ਦੀ ਕਤਾਰ ਵਿਚ ਖਲੋ ਰਹੇ ਹਾਂ। ਸਾਡੇ ਪਿੰਡਾਂ ਵਿਚ ਪੱਕੇ ਮਕਾਨ ਬਣ ਰਹੇ ਹਨ। ਟੈਲੀਵੀਯਨ ਦੇ ਸੈੱਟ ਵੀ ਲਗ ਰਹੇ ਹਨ। ਸਕੂਟਰ, ਮਾਪੇਡ ਸੜਕਾਂ ਤੇ ਦੌੜ ਰਹੇ ਹਨ। ਇਹ ਸਭ ਤਰੱਕੀ ਦੇ ਪ੍ਰਭਾਵ ਦੇਂਦੇ ਹਨ, ਪਰ ਇਹ ਤਰੱਕੀ ਦੇ ਪ੍ਰਭਾਵ ਬੜੇ ਧੋਖੇ ਵਾਲੇ ਹਨ। ਸਾਡੀ ਦੇਸ਼ ਦੀ ਵੱਡੀ ਵਸੋਂ ਇਕ ਅਤਿ ਗਰੀਬੀ ਦੀ ਹਾਲਤ ਵਿਚ ਰਹਿ ਰਹੀ ਹੈ। ਇਹ ਗਰੀਬੀ ਇਕ ਮਜਬੂਰੀ ਨੂੰ ਜਨਮ ਦੇਂਦੀ ਹੈ। ਉਸ ਮਜਬੂਰੀ ਦਾ ਫੌਰ ਛੋਟੇ ਵੱਡੇ ਸਰਮਾਏਦਾਰ ਨਾਜਾਇਜ਼ ਫਾਇਦਾ ਉਠਾਂਦੇ ਹਨ। ਮੇਹਨਤ ਨੂੰ ਸਸਤੀ ਖ਼ਰੀਦਦੇ ਹਨ। ਸੜਕਾਂ ਤੇ ਰੋੜੀ ਕੁੱਟਦੀਆਂ-ਮੁਟਿਆਰਾਂ, ਸੜਕਾਂ ਬਣਾਂਦੇ ਰਾਜਸਥਾਨੀ ਮਜ਼ਦੂਰ, ਛੋਟੀਆਂ ਮਿੱਲਾਂ ਵਿਚ ਕੰਮ ਕਰਦੇ ਗ਼ੈਰਹੁਨਰਮੰਦ ਮਜ਼ਦੂਰ; ਨੀਮ ਹੁਨਰਮੰਦ ਮਜ਼ਦੂਰ, ਸਭ ਇਸ ਲੁੱਟ ਦੇ ਸ਼ਿਕਾਰ ਹਨ। ਇਹ ਸਿਸਟਮ ਜਿਸ ਵਿਚ ਅਸੀਂ ਰਹਿ ਰਹੇ ਹਾਂ, ਇਹਦੇ ਬਦੌਲਤ ਭਾਵੇਂ ਦੇਸ਼ ਵਿਚ ਤਰੱਕੀ ਦੇ ਕਿੰਨੇ ਹੀ ਚਿਨ੍ਹ ਦਿਸ ਪੈਣ, ਪਰ ਬੁਨਿਆਦੀ ਤੌਰ ਤੇ ਇਹ ਗ਼ੈਰ ਮਨੁੱਖੀ ਹੈ। ਇਹ ਸਿਸਟਮ ਇਨਕਲਾਬ ਤੋਂ ਬਿਨਾਂ ਨਹੀਂ ਬਦਲ ਸਕਦਾ। ਹੇਠਲਾ ਲੇਖ ਜੋ ਸਾਨੂੰ ਮੱਖਣ ਸਿੰਘ ਸਰਾਵਾਂ ਨੇ ਭੇਜਿਆ ਹੈ, ਬੀਕਾਨੇਰ ਦੀ ਉੱਨ ਮਿੱਲਾਂ ਵਿਚ ਮਜ਼ਦੂਰ ਦੀ ਹੋ ਰਹੀ ਲੁੱਟ ਬਾਰੇ ਹੈ, ਅੱਜ ਤੋਂ 100 ਸਾਲ ਪਹਿਲਾਂ ਮਈ 1886 ਵਿਚ ਸ਼ਿਕਾਗੋ ਦੀਆਂ ਗਲੀਆਂ ਵਿਚ ਖ਼ੂਨ ਵਹਾਕੇ ਮਜ਼ਦੂਰਾਂ ਨੇ ਘੰਟੇ ਦੀ ਦਿਹਾੜੀ ਦਾ ਹੱਕ ਹਾਸਿੱਲ ਕੀਤਾ। ਅੱਜ 100 ਸਾਲ ਬਾਅਦ ਵੀ ਇਸ ਹੱਕ ਤੋਂ ਸਾਡੀ ਵੱਡੀ ਗਿਣਤੀ ਵਿਚ ਮਜ਼ਦੂਰ ਵਾਂਝੇ ਹਨ। ਇਹ ਲੇਖ ਉਹਨਾਂ ਸਾਰਿਆਂ ਲੋਕਾਂ ਲਈ ਵੰਗਾਰ ਹੈ ਜੋ ਇਸ ਧਰਤੀ ਤੇ ਇਕ ਨਿਆਂਪੂਰਵ ਸਮਾਜ ਬਨਾਉਣਾ ਚਾਹੁੰਦੇ ਹਨ/ਸੰਪਾਦਕ

---

ਬੀਕਾਨੇਰ ਦੀਆਂ ਉੱਨ੍ਹ ਮਿੱਲਾਂ ਦੇ ਮਜ਼ਦੂਰ ਜਿਨ੍ਹਾਂ ਦੇ ਹੱਥਾਂ ਦੀਆਂ ਬਣੀਆਂ ਬੇਮਿਸਾਲ ਕਾਰੀਗਰੀ ਦੀਆਂ ਚੀਜ਼ਾਂ ਦੀ ਲੱਖਾਂ ਅੱਖਾਂ ਪ੍ਰਸੰਸਾ ਕਰਦੀਆਂ ਹਨ, ਜਿਸ ਉੱਨ ਦੇ ਬਣੇ ਗਲੀਚੇ ਦੀ ਕੀਮਤ ਮਿਹਨਤ ਲੱਗਣ ਨਾਲ ਲੱਖਾਂ ਰੁਪੈ ਤੱਕ ਪਹੁੰਚ ਜਾਂਦੀ ਹੈ; ਜੋ ਭਾਰਤ ਹੀ ਨਹੀਂ, ਪੂਰੇ ਸੰਸਾਰ ਵਿਚ ਪ੍ਰਸਿੱਧੀ ਦੇ ਸਿਖਰਾਂ ਤੇ ਹੈ।

ਲੇਕਿਨ ਕਿੰਨੀ ਬਦਕਿਸਮਤੀ ਦੀ ਗੱਲ ਹੈ ਕਿ ਉਹ ਮਜ਼ਦੂਰ ਮਿੱਲ ਮਾਲਕਾਂ ਨੂੰ ਲੱਖਪਤੀਆਂ ਤੋਂ ਕਰੋੜਪਤੀ ਬਣਾਉਣ ਦੇ ਲਈ ਹਰ ਹਫਤੇ ਆਪਣੇ ਹੱਥ ਪੈਰ ਕਟਾ ਕੇ ਅਪਾਹਜ ਹੁੰਦੇ ਜਾ ਰਹੇ ਹਨ–ਇਥੋਂ ਤੱਕ ਕਿ ਆਪਣੀ ਜਾਨ ਵੀ ਗਵਾ ਬੈਠਦੇ ਹਨ। ਉਹਨਾਂ ਨਾਲ ਭਾਰਤ ਦਾ ਕਾਨੂੰਨ ਵੀ ਨਿਆਂ ਨਹੀਂ ਕਰ ਰਿਹਾ ਹੈ। ਇਹੋ ਜਿਹਾ ਬੀਕਾਨੇਰ ਦਾ ਉੱਨ ਉਦਯੋਗ, ਜਿਸ ਵਿਚ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚੋਂ ਆਏ 10 ਹਜ਼ਾਰ ਮਜ਼ਦੂਰ 30 ਮਿੱਲਾਂ ਵਿਚ ਕੰਮ ਕਰਦੇ ਹਨ।

ਇਥੋਂ ਦੀਆਂ ਉੱਨ ਮਿੱਲਾਂ ਵਿਚ ਅੱਜ ਵੀ ਇਹਨਾਂ ਮਜ਼ਦੂਰਾਂ ਦੀ ਹਾਲਤ 14ਵੀਂ ਸਦੀ ਦੇ ਗੁਲਾਮਾਂ ਵਰਗੀ ਹੈ, ਜਿਥੇ ਕਾਰਖਾਨਿਆਂ ਵਿਚ ਜੰਗਲ ਦਾ ਰਾਜ ਚਲਦਾ ਹੈ, ਜਿਥੇ ਕਾਰਖਾਨਾ ਕਾਨੂੰਨ ਸਿਰਫ ਕਾਰਖਾਨਿਆਂ ਦੇ ਕਾਗਜ਼ਾਂ ਤੱਕ ਹੀ ਸੀਮਿਤ ਹੈ।

ਇਥੋਂ ਦੀ ਕਿਸੇ ਵੀ ਮਿੱਲ ਵਿਚ ਫੈਕਟਰੀ ਐਕਟ ਲਾਗੂ ਨਹੀਂ ਹੈ, ਜਿਸ ਤਰ੍ਹਾਂ ਕੰਮ ਦੇ ਘੰਟੇ 8 ਦੀ ਬਜਾਏ 12 ਹਨ। ਇਸ ਲਈ ਤਿੰਨ ਸ਼ਿਫਟਾਂ ਦੀ ਜਗ੍ਹਾ ਦੋ ਹੀ ਚਲਦੀਆਂ ਹਨ। ਜਿਸ ਨਾਲ ਮਜ਼ਦੂਰਾਂ ਦੀ ਗਿਣਤੀ ਘਟਾ ਕੇ ਵਿਖਾਉਣ ਵਿਚ ਮੱਦਦ ਮਿਲਦੀ ਹੈ।

ਭਾਰਤ ਸਰਕਾਰ ਦੁਆਰਾ ਐਲਾਨਸ਼ੁਦਾ ਛੁੱਟੀਆਂ ਦਾ ਵੀ ਮਜ਼ਦੂਰਾਂ ਨੂੰ ਭੁਗਤਾਨ ਨਹੀਂ ਹੁੰਦਾ। ਹਾਜ਼ਰੀ ਕਾਰਡ, ਵੇਤਨ ਸਲਿਪ, ਹਾਜ਼ਰੀ ਰਜਿਸਟਰ ਐਡਲ ਰਜਿਸਟਰ ਤੱਕ ਕਾਰਖਾਨਿਆਂ ਵਿਚ ਨਹੀਂ ਰੱਖੇ ਜਾਂਦੇ। ਅਗਰ ਭੁੱਲ ਕੇ ਕੋਈ ਰੱਖ ਵੀ ਲੈਂਦਾ ਹੈ ਤਾਂ ਉਹਨਾਂ ਰਜਿਸਟਰਾਂ ਵਿਚ ਅਸਲੀ ਨਾਂ ਦੀ ਥਾਂ ਨਕਲੀ ਨਾਂ ਹੀ ਲਿਖੇ ਜਾਂਦੇ ਹਨ, ਜਿਸ ਨਾਲ ਦੁਰਘਟਨਾ ਹੋਣ ਤੇ ਉਸ ਮਜ਼ਦੂਰ ਨੂੰ ਲਾਵਾਰਸ ਬਣਾ ਦਿੱਤਾ ਜਾਂਦਾ ਹੈ ਜਾਂ ਫੇਰ ਪਰਾਈਵੇਟ ਤੌਰ ਤੇ ਉਸਦਾ ਇਲਾਜ ਕਰਵਾ ਕੇ ਉਸ ਮਜ਼ਦੂਰ ਨੂੰ ਘਰ ਭੇਜ ਦਿੱਤਾ ਜਾਂਦਾ ਹੈ।

ਜਿਥੋਂ ਤੱਕ ਮਿੱਲ ਦੇ ਅੰਦਰ ਸਹੂਲਤਾਂ ਦਾ ਸੁਆਲ ਹੈ, ਪੀਣ ਦੇ ਲਈ ਸ਼ੁਧ ਪਾਣੀ ਹੋਣ ਦਾ ਪ੍ਰਬੰਧ ਨਹੀਂ ਹੈ। ਟੱਟੀ ਤੇ ਪਿਸ਼ਾਬ ਕਰਨ ਲਈ ਮਜ਼ਦੂਰ ਨੂੰ ਮਿੱਲ ਦੇ ਬਾਹਰ ਜਾਣਾ ਪੈਂਦਾ ਹੈ। ਖਾਸ ਕਰਕੇ ਔਰਤ ਮਜ਼ਦੂਰਾਂ ਦੀ ਤਾਂ ਹਾਲਤ ਹੋਰ ਵੀ ਖਰਾਬ ਹੈ। ਅਕਸਰ ਹੀ ਔਰਤਾਂ ਮਿੱਲ ਦੇ ਬਾਹਰ ਝਾੜੀਆਂ ਵਿਚ ਜਾਂ ਸੜਕ ਦੇ ਕਿਨਾਰੇ ਆਪਣੀਆਂ ਔਰਤ ਸਾਥਣਾਂ ਦੇ ਘੱਗਰੇ ਦੀ ਓਟ ਵਿਚ ਟੱਟੀ ਪਿਸ਼ਾਬ ਕਰਦੀਆਂ ਝੁੰਡਾਂ ਦੇ ਝੁੰਡ ਵੇਖੀਆਂ ਜਾ ਸਕਦੀਆਂ ਹਨ। ਔਰਤਾਂ ਨੂੰ ਇਹ ਵੀ ਨਹੀਂ ਪਤਾ ਕਿ ਉਹਨਾਂ ਨੂੰ ਪਰਸੂਤ ਲਾਭ ਵੀ ਮਿਲਦਾ ਹੈ। ਔਰਤ ਮਜ਼ਦੂਰ ਦਾ ਗਰਭ ਧਾਰਨ ਕਰਨ ਦਾ ਅਰਥ ਹੈ ਨੌਕਰੀ ਤੋਂ ਹੱਥ ਧੋਣਾ।

ਜਿਵੇਂ ਕਿ ਫੈਕਟਰੀ ਕਾਨੂੰਨਾਂ ਵਿਚ ਦਰਜ ਹੈ ਕਿ 10 ਤੋਂ ਵੱਧ ਮਜ਼ਦੂਰਾਂ ਵਾਲੀ ਫੈਕਟਰੀ ਵਿਚ ਈ.ਐਸ. ਆਈ. ਦੀ ਸਹੂਲਤ ਵੀ ਜ਼ਰੂਰੀ ਹੈ, ਲੇਕਨ ਬੀਕਾਨੇਰ ਦੀਆਂ ਸਾਰੀਆਂ ਮਿੱਲਾਂ ਵਿਚ ਈ. ਐਸ. ਆਈ. ਤੇ ਪੀ. ਐਫ. ਨੂੰ ਇਕ ਮਖੌਲ ਦੇ ਤੌਰ ਤੇ ਲਿਆ ਜਾਂਦਾ ਹੈ। ਉਕਤ ਮਿੱਲਾਂ ਲਈ ਮਜ਼ਦੂਰਾਂ ਤੋਂ ਧਨ ਰਾਸ਼ੀ ਤਾਂ ਕਟੀ ਜਾਂਦੀ ਹੈ, ਪਰ ਉਹਨਾਂ ਦੇ ਖਾਤਿਆਂ ਵਿਚ ਜਮ੍ਹਾਂ ਨਹੀਂ ਕਰਵਾਈ ਜਾਂਦੀ, ਜਿਸ ਨਾਲ ਇਸਦੇ ਲਾਭਾਂ ਤੋਂ ਵਾਂਝੇ ਹੀ ਰਹਿ ਜਾਂਦੇ ਹਨ। ਸਾਲ ਦੇ ਅੰਤ ਤੇ ਸਾਲਾਨਾ ਛੁਟੀਆਂ ਤੇ ਬੋਨਸ ਤਾਂ ਇੱਥੋਂ ਦਾ ਮਜ਼ਦੂਰ ਜਾਣਦਾ ਵੀ ਨਹੀਂ ਕਿ ਕੀ ਹੁੰਦਾ ਹੈ?

ਬੀਕਾਨੇਰ ਦੀਆਂ ਮਿੱਲਾਂ ਵਿਚ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਸੌਆਂ ਵਿਚ ਹੈ ਜਦੋਂ ਕਿ ਈ. ਐਸ. ਆਈ ਦਾ ਲਾਭ ਕੇਵਲ ਸਿਰਫ 29 ਆਸਰਿਤ ਹੀ ਲੈ ਰਹੇ ਹਨ। ਇਸੇ ਤਰ੍ਹਾਂ ਦੁਰਘਟਨਾਵਾਂ ਵਿਚ ਅਪਾਹਜਾਂ ਦੀ ਸੰਖਿਆ ਹਜ਼ਾਰਾਂ ਵਿਚ ਹੈ, ਜਿਨ੍ਹਾਂ ਨੇ ਆਪਣੇ ਹੱਥ ਪੈਰ ਉਹਨਾਂ ਮਿਲਾਂ ਦੀ ਭੇਟ ਚੜ੍ਹਾ ਦਿਤੇ ਹਨ। ਲੇਕਿਨ ਅਪਾਹਜ ਪੈਨਸ਼ਨ ਸਿਰਫ 23 ਨੂੰ ਹੀ ਮਿਲ ਰਹੀ ਹੈ। ਬੀਕਾਨੇਰ ਦੀਆਂ ਉਨ੍ਹਾਂ ਮਿੱਲਾਂ ਵਿਚ ਹਰ ਮਹੀਨੇ ਦੋ ਤੋਂ ਪੰਜ ਤਕ ਆਦਮੀ ਅਪਾਹਜ ਹੋ ਜਾਂਦੇ ਹਨ ਜਦੋਂ ਕਿ ਸਾਲ ਵਿਚ ਤਕਰੀਬਨ 10-12 ਆਦਮੀਆਂ ਦੀ ਦੁਰਘਟਨਾਵਾਂ ਜਾਂ ਘਾਤਕ ਬੀਮਾਰੀਆਂ ਨਾਲ ਮੌਤ ਹੋ ਜਾਂਦੀ ਹੈ।

ਜਿਥੋਂ ਤਕ ਕਿਸੇ ਵੀ ਵੱਡੀ ਦੁਰਘਟਨਾ ਦਾ ਸੁਆਲ ਹੈ, ਉਸਦੇ ਲਈ ਇਥੋਂ ਦਾ ਫ਼ੈਕਟਰੀ ਇੰਨਸਪੈਕਟਰ ਤੇ ਮਿੱਲਾਂ ਦੇ ਅੰਦਰ ਭੈੜਾ ਪ੍ਰਬੰਧ ਤੇ ਫੈਕਟਰੀ ਕਾਨੂੰਨਾਂ ਦੀ ਉਲੰਘਣਾ ਹੈ। ਹਰ ਮਿੱਲ ਵਿਚ ਮਜ਼ਦੂਰ ਦੀ ਡਿਊਟੀ 8 ਦੀ ਬਜਾਏ 12 ਘੰਟੇ ਹੈ, ਸਗੋਂ ਐਤਵਾਰ ਨੂੰ ਜਿਸ ਦਿਨ ਉਸਦੀ ਡਿਊਟੀ ਬਦਲੀ ਜਾਂਦੀ ਹੈ, ਉਸ ਦਿਨ ਉਸਨੂੰ 24 ਘੰਟੇ ਕੰਮ ਕਰਨਾ ਪੈਂਦਾ ਹੈ। ਜਿਸ ਨਾਲ ਮਜ਼ਦੂਰ ਇੰਨਾਂ ਥੱਕ ਜਾਂਦਾ ਹੈ ਕਿ ਉਸਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਹ ਕੀ ਕਰ ਰਿਹਾ ਹੈ। ਜਿਸਦਾ ਸਿੱਟਾ ਭਿਅੰਕਰ ਦੁਰਘਟਨਾ ਵਿਚ ਨਿਕਲਦਾ ਹੈ। ਸਪਤਾਹਿਕ ਛੁੱਟੀ ਆਪਣੇ ਇਕ ਦਿਨ ਦੇ ਪੈਸੇ ਕਟਾ ਕੇ ਲੈਣੀ ਪੈਂਦੀ ਹੈ, ਅਕਸਰ ਤਿਉਹਾਰ ਵਾਲੇ ਦਿਨ ਵੀ ਮਜ਼ਦੂਰਾਂ ਨੂੰ ਕੰਮ ਕਰਨਾ ਪੈਂਦਾ ਹੈ।

ਦੂਸਰਾ ਕਾਰਨ ਜਿਵੇਂ ਕਿ ਫੈਕਟਰੀ ਕਾਨੂੰਨਾਂ ਵਿਚ ਦਰਜ ਹੈ ਕਿ ਉਨ੍ਹਾਂ ਦਾ ਸਾਗਾ ਕੱਢਣ ਵਾਲੀਆਂ ਮਸ਼ੀਨਾਂ ਦੀ ਚਾਰੇ ਪਾਸਿਉਂ ਘੇਰਾ ਬੰਦੀ ਕੀਤੀ ਜਾਣੀ ਚਾਹੀਦੀ ਹੈ, ਪਰ ਮਿਲ ਮਾਲਕ ਜ਼ਿਆਦਾ ਪੈਦਾਵਾਰ

ਕਰਨ ਲਈ ਕਵਰ ਸਗੋਂ ਪਾਸੇ ਕਰਵਾਕੇ ਰੱਖ ਦਿੰਦੇ ਹਨ। ਉਸਦੇ ਸਿੱਟੇ ਵਜੋਂ ਕੰਮ ਕਰਦੇ ਮਜ਼ਦੂਰਾਂ ਦਾ ਕੋਈ ਅੰਗ ਜਾਂ ਕਪੜਾ ਮਸ਼ੀਨਾਂ ਵਿਚ ਜਾਂਦੇ ਹੀ ਭਿਅੰਕਰ ਦੁਰਘਟਨਾ ਦਾ ਕਾਰਨ ਬਣਦਾ ਹੈ। ਬੀਕਾਨੇਰ ਦੀਆਂ ਉਨ੍ਹਾਂ ਮਿਲਾਂ ਵਿਚ ਇਕ ਨਵਾਂ ਕਾਨੂੰਨ ਚਲਿਆ ਹੈ ਕਿ ਗਿੱਲਾ ਉਨ ਹੋਣ ਕਾਰਨ ਜਿਹੜਾ ਮਸ਼ੀਨ ਵਿਚ ਜਾਮ ਲਗ ਜਾਂਦਾ ਹੈ, ਉਸਨੂੰ ਚਾਲੂ ਮਸ਼ੀਨ ਵਿਚ ਹੀ ਕਢਿਆ ਜਾਂਦਾ ਹੈ। ਇਥੋਂ ਤਕ ਕਿ ਦੁਪਹਿਰ ਦਾ ਭੋਜਨ ਵੀ ਚਾਲੂ ਮਸ਼ੀਨ ਨਾਲ ਹੀ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਜਾਮ ਕੱਢਦੇ ਸਮੇਂ ਅਕਸਰ ਮਜ਼ਦੂਰ ਦਾ ਹੱਥ ਆ ਹੀ ਜਾਂਦਾ ਹੈ। ਇਸ ਤਰ੍ਹਾਂ ਦੀਆਂ 2500 ਘਟਨਾਵਾਂ ਹੋਣ ਦੇ ਬਾਵਜੂਦ ਵੀ ਇਹ ਚੌਧਵੀਂ ਸਦੀ ਦਾ ਕਾਨੂੰਨ ਨਹੀਂ ਬਦਲਿਆ, ਜਿਸਦਾ ਸ਼ਿਕਾਰ ਮਹੀਨੇ ਵਿਚ ਦੋ ਤੋਂ ਪੰਜ ਮਜ਼ਦੂਰ ਹੋ ਹੀ ਜਾਂਦੇ ਹਨ। ਇਸਦੀ ਸੂਚਨਾ ਕਿਸੇ ਵੀ ਸਬੰਧਤ ਅਧਿਕਾਰੀ ਨੂੰ ਨਹੀਂ ਦਿਤੀ ਜਾਂਦੀ। ਸਗੋਂ ਮਜ਼ਦੂਰ ਦਾ ਪ੍ਰਾਈਵੇਟ ਤੌਰ ਤੇ ਇਲਾਜ ਕਰਾ ਦਿਤਾ ਜਾਂਦਾ ਹੈ। ਮਰਨ ਦਾ ਡਰ ਦੂਰ ਹੋਣ ਤੇ ਉਕਤ ਮਜ਼ਦੂਰ ਨੂੰ ਧੱਕੇ ਖਾਣ ਲਈ ਛੱਡ ਦਿਤਾ ਜਾਂਦਾ ਹੈ। ਮੁਆਵਜ਼ੇ ਲਈ ਕਿਸੇ ਤਰ੍ਹਾਂ ਦੀ ਮੰਗ ਕਰਨ ਤੇ ਪਤਾ ਲੱਗਦਾ ਹੈ ਉਕਤ ਮਿੱਲ ਦਾ ਨਾਂ ਹੀ ਬਦਲ ਦਿਤਾ ਗਿਆ ਹੈ। ਕਾਰਖਾਨਾ ਕਾਨੂੰਨ ਵਿਚ ਦਰਜ ਹੈ ਕਿ ਮਿੱਲ ਵੇਚਣ ਜਾਂ ਉਸਦਾ ਨਾਂ ਬਦਲਣ ਲਈ ਪਹਿਲਾਂ ਸਰਕਾਰ ਤੋਂ ਆਗਿਆ ਲੈਣੀ ਪੈਂਦੀ ਹੈ ਅਤੇ ਮਜ਼ਦੂਰਾਂ ਨੂੰ 90 ਦਿਨ ਦਾ ਨੋਟਿਸ ਦੇਣਾ ਪੈਂਦਾ ਹੈ। ਲੇਕਿਨ ਇਥੇ ਅਜੇਹਾ ਕੁਝ ਵੀ ਨਹੀਂ ਹੈ ਬਿਨਾਂ ਕਿਸੇ ਅਗਾਊਂ ਚਸੂਨਾ ਦੇ ਇਕ ਵਾਰ ਨਹੀਂ, ਕਈ ਕਈ ਵਾਰ ਮਿੱਲ ਦਾ ਨਾਂ ਬਦਲ ਦਿਤਾ ਜਾਂਦਾ ਹੈ।

ਇਥੋਂ ਦੀਆਂ ਬਹੁਤੀਆਂ ਰਾਜਨੀਤਿਕ ਪਾਰਟੀਆਂ ਮਜ਼ਦੂਰਾਂ ਨੂੰ ਜਲਸੇ ਜਲੂਸ ਤੇ ਆਮ ਸਭਾਵਾਂ ਵਿਚ ਭੀੜ ਇਕੱਠੀ ਕਰਨ ਲਈ ਤਾਂ ਵਰਤਦੀਆਂ ਹਨ, ਮਜ਼ਦੂਰਾਂ ਨੂੰ ਹੱਕ ਦੁਆਉਣ ਵਿਚ ਕਿਸੇ ਦੀ ਵੀ ਦਿਲਚਸਪੀ ਨਹੀਂ ਹੈ। ਮਜ਼ਦੂਰ ਨੂੰ ਨਿਆਂ ਦੁਆਉਣ ਦੀ ਗੱਲ ਤਾਂ ਦੂਰ ਰਹੀ, ਹਾਕਮ ਪੱਖ ਤਾਂ ਜ਼ੁਲਮ ਕਰਨ ਵਿਚ ਸਭ ਤੋਂ ਅੱਗੇ ਹੈ। ਮਜ਼ਦੂਰਾਂ ਦੀ ਰਖਿਆ ਦੇ 20 ਅਖੌਤੀ ਸਰਕਾਰੀ ਕਾਨੂੰਨਾਂ ਦੇ ਬਾਵਜੂਦ ਮੁਨਾਫਾ ਕਮਾਉਣ ਦੇ ਲਈ ਹਜ਼ਾਰਾਂ ਮਜ਼ਦੂਰਾਂ ਦੀ ਜ਼ਿੰਦਗੀ ਦੇ ਨਾਲ ਇਹ ਕੀਤਾ ਜਾ ਰਿਹਾ ਖਿਲਵਾੜ ਨਰਕ ਦੀ ਯਾਦ ਦੁਆਉਂਦਾ ਹੈ।

ਅਜੇ ਤਕ ਉਨ੍ਹਾਂ ਮਿਲਾਂ ਵਿਚ ਕੰਮ ਕਰਨ ਵਾਲੇ ਹਜ਼ਾਰਾਂ ਮਜ਼ਦੂਰ ਜਥੇਬੰਦ ਨਹੀਂ ਹੋ ਸਕੇ ਹਨ, ਨਾਂ ਹੀ ਉਹਨਾਂ ਵਿਚ ਹਾਲਾਤ ਬਦਲਣ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਜਮਾਤੀ ਸੂਝ ਦਾ ਵਿਕਾਸ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਇਕ ਅਜ਼ਾਦ ਮਜ਼ਦੂਰ ਜਥੇਬੰਦੀ ਵਿਚ ਜਥੇਬੰਦ ਹੋ ਕੇ ਜ਼ਰੂਰ ਇਸ ਪਾਸੇ ਵੱਲ ਕੁਝ ਯਤਨ ਕਰਨਾ ਸ਼ੁਰੂ ਕੀਤਾ ਹੈ। ਹੁਣ ਵੇਖਦੇ ਹਾਂ ਉਹ ਪਿਛਲੇ ਤਜਰਬਿਆਂ ਤੋਂ ਕਿਸ ਤਰ੍ਹਾਂ ਅੱਗੇ ਵਧਦੇ ਹਨ।

(ਸਮਕਾਲੀਨ ਜਨ-ਸੰਘਰਸ਼ ਵਿਚੋਂ ਧੰਨਵਾਦ ਸਹਿਤ)

—ਅਨੁ: ਕਾ: ਮੱਖਣ ਸਿੰਘ ਸਰਾਵਾਂ

## ਕੈਨਡਾ ਵਿਚ ਭਾਰਤੀ ਇਨਕਲਾਬ ਅਤੇ ਇਨਕਲਾਬੀ ਸ਼ਹੀਦਾਂ ਦੇ ਸਨਮਾਨ ਵਿਚ ਪ੍ਰੋਗਰਾਮ

ਕੈਨਡਾ ਵਿਚ ਵੱਸਦੇ ਭਾਰਤੀ ਜਿਨ੍ਹਾਂ ਵਿਚ ਭਾਰੀ ਗਿਣਤੀ ਵਿਚ ਪੰਜਾਬੀ ਹਨ, ਭਾਰਤ ਦੇ ਇਨਕਲਾਬ ਵਿੱਚ ਡੂੰਘੀ ਦਿਲਚਸਪੀ ਰਖਦੇ ਹਨ। ਇਪਾਨਾ ਸੰਸਥਾ ਜੋ 1975-76 ਵਿਚ ਕੈਨਡਾ ਵਿਖੇ ਬਣਾਈ ਗਈ ਉਹਨਾਂ ਭਾਰਤੀਆਂ ਦੀ ਸੰਸਥਾ ਸੀ, ਜਿਨ੍ਹਾਂ ਨੇ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਨੂੰ ਇਕ ਵਡਾ ਫਾਸ਼ੀ ਕਦਮ ਆਖਕੇ ਦੁਨੀਆਂ ਭਰ ਵਿਚ ਉਹਦੇ ਵਿਰੁੱਧ ਆਵਾਜ਼ ਲਾਮਬੰਦ ਕਰਨ ਵਿਚ ਵੱਡਾ ਹਿੱਸਾ ਪਾਇਆ ਸੀ। ਪੰਜਾਬ ਦੇ ਮੱਸਲੇ ਉਤੇ ਵੀ ਉਹਨਾਂ ਨੇ ਜਮਹੂਰੀ ਸ਼ਕਤੀਆਂ ਨਾਲ ਅਪਣੀ ਆਵਾਜ਼ ਰਲਾਈ, ਜੋ ਇੰਦਰਾ ਗਾਂਧੀ ਦੀ ਤਾਨਾਸ਼ਾਹੀ ਅਤੇ ਫਿਰਕੂ ਜਨੂੰਨ ਦੋਨਾਂ ਦੀ ਵਿਰੋਧਤਾ ਕਰਦੀ ਸੀ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਕੈਨਡਾ ਵਿਚ ਵਸਦੇ ਇਹ ਜਮਹੂਰੀ ਸੋਚ ਵਾਲੇ ਲੋਕ ਭਾਰਤ ਦੀ ਜਮਹੂਰੀ ਲਹਿਰ ਦਾ ਇਕ ਜ਼ਰੂਰੀ ਅੰਗ ਬਣ ਚੁੱਕੇ ਹਨ। 23 ਮਾਰਚ ਨੂੰ ਇਹਨਾਂ ਨੇ ਵੈਨਕੂਵਰ ਵਿਚ ਸ਼ਹੀਦਾਂ ਦਾ ਦਿਨ ਮਨਾਇਆ। ਇਹਦੀ ਰੀਪੋਰਟ ਜੋ ਅਸੀਂ ਸਮਤਾ ਦੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ, ਸਾਨੂੰ ਬੜਾ ਉਤਸ਼ਾਹ ਅੱਤੇ ਖੁਸ਼ੀ ਦੇਂਦੀ ਹੈ/ਸੰਪਾਦਕ

23 ਮਾਰਚ, 1986 ਨੂੰ ਸਰਦਾਰ ਭੰਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ 55ਵੀਂ ਬਰਸੀ ਵਾਲੇ ਦਿਨ ਇੰਡੀਆ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ (ਇਪਾਨਾ) ਵਲੋਂ ਕਾਰਪੇਂਟਰ ਹਾਲ, ਨਿਊਵੈਸਮਿਨਟ-ਸਟਰ, ਬੀ.ਸੀ. ਵਿਚ ਇਕ ਸਭਿਆਚਾਰਕ ਪਰੋਗਰਾਮ ਕੀਤਾ ਗਿਆ, ਜਿਸ ਵਿਚ ਭਾਰਤੀ ਇਨਕਲਾਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ।

ਪ੍ਰੋਗਰਾਮ ਦੀ ਸ਼ੁਰੂਆਤ ਹਜ਼ਾਰਾਂ ਸ਼ਹੀਦੋਂ ਦੀ

ਯਾਦ ਵਿਚ ਇਕ ਮਿੰਟ ਲਈ ਚੁੱਪ ਖੜੇ ਹੋ ਕੇ ਕੀਤੀ ਗਈ। ਪਰੋਗਰਾਮ, ਜਿਸਦੀ ਪ੍ਰਧਾਨਗੀ ਰਾਜ ਚੌਹਾਨ ਅਤੇ ਜਿਓਤੀ ਸੰਘੇੜਾ ਨੇ ਕੀਤਾ, ਵਿਚ ਦੋ ਡਰਾਮੇ ਖੇਡੇ ਗਏ—ਅੰਗਰੇਜ਼ੀ ਦਾ ਡਰਾਮਾ The Enemy within (ਅੰਦਰੂਨੀ ਦੁਸ਼ਮਣ) ਵੈਨਕੂਵਰ ਦੇ ਮਸ਼ਹੂਰ ਹੈਡਲਾਂਈ-ਨਜ਼ ਥੀਏਟਰ ਗਰੁੱਪ ਵਲੋਂ ਖੇਡਿਆ ਗਿਆ ਅਤੇ ਦੂਸਰਾ ਸੀ ਅਜਮੇਰ ਔਲਖ ਦਾ ਲਿਖਿਆ ਹੋਇਆ ਮਸ਼ਹੂਰ ਡਰਾਮਾ "ਬਗਾਨੇ ਬੋਹੜ ਦੀ ਛਾਂ"। ਡਰਾਮਿਆਂ ਤੋਂ ਇਲਾਵਾ ਸ੍ਰੀਮਤੀ ਮਧੂ ਵਰਸਨੇ ਅਤੇ ਉਹਨਾਂ ਦੀ ਟੀਮ ਵਲੋਂ ਗੁਜਰਾਤੀ ਗਰਬਾ ਨਾਚ ਪੇਸ਼ ਕੀਤਾ ਗਿਆ ਅਤੇ ਅਗਾਂਹਵਧੂ ਗੀਤ ਪੇਸ਼ ਕੀਤੇ ਗਏ।

ਇਪਾਨਾ ਵੈਨਕੂਵਰ ਯੂਨਿਟ ਦੇ ਪ੍ਰਧਾਨ ਪ੍ਰੋਫੈਸਰ ਹਰੀ ਸ਼ਰਮਾ ਨੇ ਆਪਣੀ ਤਕਰੀਰ ਵਿਚ ਕਿਹਾ, "ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਕੇ ਅੰਗਰੇਜ਼ ਭਾਰਤੀ ਲੋਕਾਂ ਦੀਆਂ ਆਜ਼ਾਦੀ ਦੀਆਂ ਖ੍ਵਾਹਿਸ਼ਾਂ ਨੂੰ ਖਤਮ ਨਹੀਂ ਕਰ ਸਕੇ।" ਉਹਨਾਂ ਨੇ ਕਿਹਾ, "ਭਾਰਤ ਦੇ ਇਹਨਾਂ ਮਹਾਨ ਸ਼ਹੀਦਾਂ ਨੇ ਫਾਂਸੀ ਦੇ ਰੱਸੇ ਨੂੰ ਹੱਸ ਕੇ ਚੁੰਮਿਆ ਅਤੇ ਫਾਂਸੀ ਚੜ੍ਹਨ ਸਮੇਂ ਵੀ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਏ।"

ਹਰੀ ਸ਼ਰਮਾ ਨੇ ਕਿਹਾ "ਬੇਸ਼ੱਕ ਇਹ ਦਿਨ ਸ: ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਬਰਸੀ ਦਾ ਦਿਨ ਹੈ, ਪਰ ਸਾਲ ਦੇ 365 ਦਿਨਾਂ ਵਿਚੋਂ ਕੋਈ ਵੀ ਅਜਿਹਾ ਦਿਨ ਨਹੀਂ ਜਦੋਂ ਕਿ ਭਾਰਤੀ ਲੋਕਾਂ ਨੇ ਸ਼ਹੀਦੀਆਂ ਨਾ ਦਿੱਤੀਆਂ ਹੋਣ। ਉਹਨਾਂ ਨੇ ਕਿਹਾ, "ਆਜ਼ਾਦੀ ਦੀ ਪਹਿਲੀ ਮਹਾਨ ਲੜਾਈ 1857 ਤੋਂ ਲੈ ਕੇ ਅੱਜ ਤੱਕ ਕਸ਼ਮੀਰ ਵਿਚ ਕੰਨਿਆ ਕੁਆਰੀ ਤੋਂ ਲੈ ਕੇ ਅਸਾਮ ਤ੍ਰਿਪੁਰਾ ਤੱਕ ਹਜ਼ਾਰਾਂ ਹੀ ਭਾਰਤੀ ਲੋਕਾਂ ਨੇ ਇਨਕਲਾਬੀ ਘੋਲਾਂ ਵਿਚ ਸ਼ਹੀਦੀਆਂ ਪਾਈਆਂ ਹਨ। ਕੁਝ ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਤਰ੍ਹਾਂ ਬਰਤਾਨਵੀ ਸਾਮਰਾਜ ਵੱਲੋਂ ਅਤੇ ਕਿਸ਼ਤਾ ਗੌੜ ਅਤੇ ਭੂਮਈਆ ਦੀ ਤਰ੍ਹਾਂ ਇੰਦਰਾ ਗਾਂਧੀ ਸਰਕਾਰ ਵਲੋਂ ਫਾਂਸੀ ਚੜ੍ਹਾ ਦਿਤੇ ਗਏ। ਬਹੁਤ ਸਾਰੇ ਚੰਦਰ ਸ਼ੇਖਰ ਆਜ਼ਾਦ ਵਾਂਗ ਬਰਤਾਨਵੀ ਸਾਮਰਾਜ ਵਲੋਂ ਅਤੇ ਬਾਬਾ ਬੂਝਾ ਸਿੰਘ ਦੀ ਤਰਾਂ ਇੰਦਰਾ ਗਾਂਧੀ ਸਰਕਾਰ ਵਲੋਂ ਦਿਨ ਦਿਹਾੜੇ ਪੁਲਸ ਦੀਆਂ ਗੋਲੀਆਂ ਨਾਲ ਮਾਰ ਦਿਤੇ ਗਏ। ਕੁਝ ਇਨਕਲਾਬੀ ਲੀਡਰ ਚਾਰੂ ਮਜੂਮਦਾਰ ਦੀ ਤਰ੍ਹਾਂ ਜੇਲ੍ਹਾਂ ਵਿਚ ਪੁਲਸ ਵਲੋਂ ਸ਼ਹੀਦ ਕਰ ਦਿਤੇ ਗਏ।

ਹਰੀ ਸ਼ਰਮਾ ਨੇ ਕਿਹਾ ਕਿ ਇਪਾਨਾ ਨੂੰ ਕੁਝ ਸਮਾਂ ਪਹਿਲਾਂ ਹੀ ਬਿਹਾਰ ਦੇ ਦੋ ਜ਼ਿਲਿਆਂ ਗਯਾ ਅਤੇ ਔਰੰਗਾਬਾਦ ਦੋ ਇਨਕਲਾਬੀ ਸ਼ਹੀਦਾਂ ਦੀ ਲਿਸਟ ਮਿਲੀ ਹੈ, ਜਿਥੇ ਕਿ ਪੁਲਸ ਅਤੇ ਜਗੀਰਦਾਰਾਂ ਦੇ ਗੁੰਡਿਆਂ ਨੇ ਪਿਛਲੇ ਸੱਤ ਸਾਲਾਂ ਵਿਚ 32 ਕਿਸਾਨ ਲੀਡਰਾਂ ਅਤੇ ਕਾਰਕੁੰਨਾਂ ਦੇ ਕਤਲ ਕੀਤੇ ਹਨ। ਉਹਨਾਂ ਨੇ ਕਿਹਾ ਕਿ ਇਸ ਲਿਸਟ ਮੁਤਾਬਿਕ ਆਖਰੀ ਕਤਲ 16 ਨਵੰਬਰ 1985 ਨੂੰ ਹਸਨਪੁਰ ਪਿੰਡ ਵਿਚ ਕਿਸਾਨ ਲੀਡਰ ਕੁਲਦੀਪ ਯਾਦਵ ਦਾ ਹੈ।

ਉਹਨਾਂ ਨੇ ਕਿਹਾ ਕਿ ਇਕ ਸਮਾਂ ਆਵੇਗਾ, ਜਦੋਂ ਇਨਕਲਾਬੀ ਸ਼ਹੀਦਾਂ ਦੀਆਂ ਸਾਰੀਆਂ ਲਿਸਟਾਂ ਇਕੱਠੀਆਂ ਕੀਤੀਆਂ ਜਾਣਗੀਆਂ, ਜਿਹਨਾਂ ਨਾਲ ਇਕ ਲੰਬੀ ਲਿਸਟ ਬਣਾਈ ਜਾਵੇਗੀ। ਹਰੀ ਸ਼ਰਮਾ ਨੇ ਕਿਹਾ ਕਿ ਜਿਸ ਤਰ੍ਹਾਂ ਬਰਤਾਨਵੀ ਸਾਮਰਾਜ ਇਨਕਲਾਬੀਆਂ ਨੂੰ ਕਤਲ ਕਰਕੇ ਇਨਕਲਾਬੀ ਘੋਲ ਖਤਮ ਨਹੀਂ ਕਰ ਸਕੀ, ਇਸੇ ਤਰ੍ਹਾਂ ਮੌਜੂਦਾ ਭਾਰਤੀ ਸਰਕਾਰ ਵੀ ਇਨਕ-ਲਾਬੀਆਂ ਨੂੰ ਕਤਲ ਕਰਕੇ ਜਾਂ ਉਹਨਾਂ ਤੇ ਜਬਰ ਕਰਕੇ ਇਨਕਲਾਬੀ ਘੋਲ ਨਹੀਂ ਖਤਮ ਕਰ ਸਕਦੀ।

ਹਰੀ ਸ਼ਰਮਾ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਤੋਂ ਹਜ਼ਾਰਾਂ ਮੀਲਾਂ ਦੂਰ ਭਾਰਤੀ ਇਨਕਲਾਬ ਦੇ ਸ਼ਹੀਦਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਕੱਤਰ ਹੋਏ ਹਾਂ। ਉਹਨਾਂ ਕਿਹਾ ਕਿ ਅਸੀਂ ਉਸ ਦਿਨ ਦੀ ਉਡੀਕ ਵਿਚ ਹਾਂ ਜਦੋਂ ਸਾਡਾ ਦੇਸ਼ ਜਗੀਰਦਾਰਾਂ, ਸਰ-ਮਾਏਦਾਰਾਂ ਅਤੇ ਸਾਮਰਾਜੀ ਲੁੱਟ ਤੋਂ ਮੁਕਤ ਹੋਵੇਗਾ।

ਹਰੀ ਸ਼ਰਮਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਜਬਰ ਵਿਰੁੱਧ ਘੋਲ ਅੱਜ ਵੀ ਜਾਰੀ ਹਨ। ਉਹਨਾਂ ਨੇ ਫਰਵਰੀ ਦੌਰਾਨ ਦੇਸ਼ ਭਰ ਵਿਚ ਇਕ ਦਿਨ ਦੀ ਆਮ ਹੜਤਾਲ ਲਈ ਭਾਰਤੀ ਲੋਕਾਂ ਨੂੰ ਵਧਾਈ ਦਿੱਤੀ ਅਤੇ ਰਾਜੀਵ ਗਾਂਧੀ ਸਰਕਾਰ ਦੀ ਲੋਕਾਂ ਦੀਆਂ ਆਮ ਜ਼ਰੂਰਤਾਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧਾਉਣ ਲਈ ਨਿਖੇਧੀ ਕੀਤੀ।

ਹਰੀ ਸ਼ਰਮਾ ਨੇ ਪੰਜਾਬ ਦੀ ਮੌਜੂਦਾ ਹਾਲਾਤ ਬਾਰੇ ਬੋਲਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਕ ਬਹੁਤ ਹੀ ਦੁਖਦਾਇਕ ਸਮੇਂ ਵਿਚੋਂ ਲੰਘ ਰਹੇ ਹਨ। ਉਹਨਾਂ ਨੇ ਪੰਜਾਬ ਦੇ ਮੌਜੂਦਾ ਹਾਲਾਤ ਲਈ ਇੰਦਰਾ ਸਰਕਾਰ ਅਤੇ ਰਾਜੀਵ ਗਾਂਧੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਹਨਾਂ ਨੇ ਪੰਜਾਬ ਵਿਚ ਵਧ ਰਹੇ ਆਤੰਕਵਾਦ, ਜਿਸ ਨਾਲ ਆਮ ਸਧਾਰਣ ਲੋਕਾਂ ਦਾ ਖੂਨ ਡੁੱਲ ਰਿਹਾ ਹੈ, ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਅਮਨ ਪਸੰਦ ਲੋਕ ਹਨ ਅਤੇ ਅਮਨ ਨਾਲ ਰਹਿਣਾ ਚਾਹੁੰਦੇ ਹਨ। ਉਹਨਾਂ ਨੇ ਦੇਸ਼ ਭਰ ਵਿਚ ਵਧ ਰਹੇ ਹਿੰਦੂ ਸ਼ਾਵਨਵਾਦ ਅਤੇ ਪੰਜਾਬ ਵਿਚ ਵਧ ਰਹੀਆਂ ਅਤਿਵਾਦੀ ਕਾਰਵਾਈਆਂ ਦੀ ਸਖ਼ਤ ਨਿਖੇਧੀ ਕੀਤੀ।

ਇਪਾਨਾ ਪ੍ਰਤੀਨਿਧ ਨੇ ਆਪਣੀ ਤਕਰੀਰ ਵਿਚ

Regd. with Registrar, News Paper vide No. MA/12397-D dated 18.4.80
Post Office No. P/AR—133

ਬ੍ਰਿਟਿਸ਼ ਕੁਲੰਬੀਆ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਨੂੰ ਸੋਕਰਡ ਸਰਕਾਰ ਨੂੰ ਹਰਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਇਹ ਪਹਿਲੀ ਵਾਰ ਹੈ ਕਿ ਸਾਡੀ ਕਮਿਊਨਿਟੀ ਸਾਹਮਣੇ ਕਿਸੇ ਕਨੇਡੀਅਨ ਗਰੁੱਪ ਵਲੋਂ ਅੰਗਰੇਜ਼ੀ ਦਾ ਡਰਾਮਾ ਖੇਡਿਆ ਗਿਆ ਹੋਵੇ । ਵੈਨਕੂਵਰ ਦੇ ਮਸ਼ਹੂਰ ਥੀਏਟਰ ਗਰੁੱਪ ਹੈਡਲਾਈਨਜ਼ ਥੀਏਟਰ ਵਲੋਂ ਖੇਡਿਆ ਗਿਆ ਇਹ ਡਰਾਮਾ The Enemy within ਬੀ. ਸੀ. ਸੱਰਕਾਰ ਤੇ ਖਾਸ ਕਰਕੇ ਪ੍ਰੀਮੀਅਰ ਬਿਲ ਬੈਨਿਟ ਉਪਰ ਇਕ ਵਿਅੰਗ ਹੈ । ਡੇਵਿਡ ਡਾਇਮੰਡ ਦੇ ਲਿਖੇ ਅਤੇ ਤਿਆਰ ਕੀਤੇ ਇਸ ਡਰਾਮੇ ਨੂੰ ਬੀ. ਸੀ. ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡਿਆ ਜਾ ਚੁਕਾ ਹੈ । ਦਰਸ਼ਕਾਂ ਨੇ ਇਸ ਹਾਸੇ ਭਰਪੂਰ ਨਾਟਕ ਨੂੰ ਬਹੁਤ ਪਸੰਦ ਕੀਤਾ । ਨਾਟਕ ਤੋਂ ਬਾਅਦ ਦਰਸ਼ਕਾਂ ਅਤੇ ਇਸ ਨਾਟਕ ਦੇ ਕਲਾਕਾਰਾਂ ਦਾ ਨਾਟਕ ਸਬੰਧੀ ਤੇ ਬੀ ਸੀ ਸਬੰਧੀ ਉਸਾਰੂ ਵਿਚਾਰ ਵਟਾਂਦਰਾ ਵੀ ਹੋਇਆ ।

ਅੰਗਰੇਜ਼ੀ ਡਰਾਮੇ ਤੋਂ ਬਾਅਦ ਅਜਮੇਰ ਔਲਖ ਦਾ ਲਿਖਿਆ ਡਰਾਮਾ 'ਬਗਾਨੇ ਬੋਹੜ ਦੀ ਛਾਂ' ਖੇਡਿਆ ਗਿਆ । ਇਹ ਡਰਾਮਾ ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕਰਦਾ ਹੈ । ਇਹ ਡਰਾਮਾ ਇਕ ਛੋਟੇ ਕਿਸਾਨ ਗੱਜਣ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਹੈ । ਗੱਜਣ ਸਿੰਘ ਗਰਮੀਆਂ ਦੇ ਦਿਨਾਂ ਵਿਚ ਆਪਣੇ ਦਰ ਮੂਹਰੇ ਇਕ ਬਗਾਨੇ ਬੋਹੜ ਦੀ ਛਾਵੇਂ ਆਰਾਮ ਕਰਨ ਲਈ ਬੈਠਾ ਹੈ । ਸਟੇਜ 'ਤੇ ਵੱਖ ਵੱਖ ਪਾਤਰ ਆ ਕੇ ਗੱਜਣ ਸਿੰਘ ਨਾਲ ਵਾਰਤਾਲਾਪ ਕਰਦੇ ਹਨ, ਜਿਸ ਨਾਲ ਇਕ ਪਿੰਡ ਦੇ ਰੋਜ਼ਾਨਾ ਜੀਵਨ ਅਤੇ ਕਿਸਾਨੀ ਜ਼ਿੰਦਗੀ ਦੀ ਝਲਕ ਮਿਲਦੀ ਹੈ । ਕਿਸ ਤਰ੍ਹਾਂ ਛੋਟੇ ਕਿਸਾਨ ਸਾਰੀ ਉਮਰ ਸ਼ਾਹੂਕਾਰਾਂ ਅਤੇ ਵੱਡੇ ਜ਼ਿਮੀਦਾਰਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਹੁੰਦੇ ਹਨ । ਡਰਾਮੇ ਵਿਚ ਹਿੱਸਾ ਲੈਣ ਵਾਲੇ ਕਲਾਕਾਰ–ਭੁਪਿੰਦਰ ਧਾਲੀਵਾਲ, ਪ੍ਰਮਿੰਦਰ ਵਿਕਰਮ, ਅੰਮ੍ਰਿਤ ਮਾਨ, ਕਰਮਜੀਤ ਘੁਮਾਣ, ਭੁਵਖੰਡਨ, ਗੁਰਸ਼ਰਨ, ਤਰਲੋਚਨ ਬਰਾੜ, ਇੰਦਰ ਚੌਹਾਨ, ਦਲਜੀਤ ਗਿੱਲ ਅਤੇ ਰਾਜ ਚੌਹਾਨ, ਦੀ ਅਦਾਕਾਰੀ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ । ਕਲਾਕਾਰਾਂ ਦਾ ਖੂਬਸੂਰਤ ਮੇਕਅੱਪ ਮੱਖਣ ਟੁੱਟ ਨੇ ਬੇੜੋਂ ਸੁਹਣੇ ਢੰਗ ਨਾਲ ਕੀਤਾ । ਬਿੰਦਰ ਰੋਡੇ ਨੇ ਇਨਕਲਾਬੀ ਗੀਤ ਗਾਇਆ ਅਤੇ ਢੋਲ 'ਤੇ ਸਾਥ ਦਿਤਾ ਪਾਲ ਬਿਨਿੰਗ ਨੇ । ਤਰਲੋਚਨ ਬਰਾੜ ਅਤੇ ਰਾਜ ਚੌਹਾਨ ਨੇ ਬਾਬੂ ਰਜਬ ਅਲੀ ਦੀ ਲਿਖੀ ਹੋਈ ਕਵੀਸ਼ਰੀ 'ਛੈਣੀਆਂ ਪੱਟ ਲੈ... " ਪੇਸ਼ ਕੀਤੀ ।

ਕਨੇਡੀਅਨ ਸਰਕਾਰ ਵਲੋਂ ਕਨੇਡੀਅਨ ਵੀਜ਼ਾ ਲੈਣ ਲਈ ਪਿੱਛੇ ਜਿਹੇ ਲਾਗੂ ਕੀਤੀ 175 ਡਾਲਰ ਪ੍ਰਤੀ ਵੀਜ਼ਾ ਫੀਸ ਦੀ ਇਪਾਨਾ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਹ ਫੀਸ ਇਕਦਮ ਖਤਮ ਕੀਤੀ ਜਾਵੇ ਕਿਉਂਕਿ ਇਸਦਾ ਮਾਰੂ ਅਸਰ ਸਭ ਤੋਂ ਵੱਧ ਤੀਸਰੀ ਦੁਨੀਆਂ ਦੇ ਗਰੀਬ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਤੇ ਪਵੇਗਾ ।

ਪਰੋਗਰਾਮ ਦੌਰਾਨ ਇਕ ਮਤਾ ਪਾਸ ਕੀਤਾ ਗਿਆ, ਜਿਸ ਵਿਚ ਪੰਜਾਬ ਦੇ ਇਨਕਲਾਬੀ ਪਾਸ਼ ਨੂੰ ਕਨੇਡੀਅਨ ਸਰਕਾਰ ਵਲੋਂ ਕਨੇਡਾ ਸੈਰ ਲਈ ਆਉਣ ਵਾਸਤੇ ਵੀਜ਼ਾ ਨਾ ਦਿੱਤੇ ਜਾਣ ਦੀ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਉਸਨੂੰ ਵੀਜ਼ਾ ਦਿੱਤਾ ਜਾਵੇ ।

o

ਮਿਹਨਤੀ ਲੋਕਾਂ ਦੇ ਮਨਾਂ ਵਿਚੋਂ ਵਹਿਮਾਂ-ਭਰਮਾਂ, ਭੂਤਾਂ ਪ੍ਰੇਤਾਂ, ਜਾਦੂ, ਜੋਤਿਸ਼ ਅਤੇ ਕਿਸਮਤ ਕਰਮਾਂ ਆਦਿ ਦੀ ਧੁੰਦ ਦੂਰ ਕਰਕੇ, ਕੁਦਰਤ, ਮਨੁੱਖ ਅਤੇ ਸਮਾਜ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਾਨਣ ਸਮਝਣ ਅਤੇ ਬਦਲਣ ਦੇ ਰਸਤੇ ਤੇ ਤੋਰਨ ਲਈ ਰੈਸ਼ਨੇਲਿਸਟ ਸੁਸਾਇਟੀ ਪੰਜਾਬ ਦਾ

ਇਕ ਹੋਰ ਹੰਭਲਾ—ਇਕ ਨਿਵੇਕਲਾ ਪੰਜਾਬੀ ਮੈਗਜ਼ੀਨ

ਤਰਕਸ਼ੀਲ

ਪਹਿਲਾ ਅੰਕ ਮਈ ਦਿਨ ਤੇ ਤੁਹਾਡੇ ਹੱਥਾਂ ਵਿਚ ਹੋਵੇਗਾ । ਇਸਨੂੰ ਵੱਧ ਤੋਂ ਵੱਧ ਲੋਕਾਂ ਤਕ ਲਿਜਾਣ ਲਈ ਸਹਿਯੋਗ ਦਿਓ

ਵੱਲੋਂ : **ਰੈਸ਼ਨੇਲਿਸਟ ਸੁਸਾਇਟੀ, ਪੰਜਾਬ**